# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਐਮ. ਏ. (ਪੰਜਾਬੀ) ਭਾਗ ਪਹਿਲਾ ਸਮੈਸਟਰ ਦੂਜਾ

ਪੇਪਰ : ਚੌਥਾ (ਆਧੁਨਿਕ ਪੰਜਾਬੀ ਕਾਵਿ) ਯੂਨਿਟ : 2

ਮੀਡੀਅਮ : ਪੰਜਾਬੀ

ਪਾਠ ਨੰ.


2.1 : ਨਕਸਲਵਾਦੀ ਲਹਿਰ ਅਤੇ ਪੰਜਾਬੀ ਕਵਿਤਾ- ਇਕ ਪਰਿਚਯ

2.2 : "ਮੈਂ ਹੁਣ ਵਿਦਾ ਹੁੰਦਾ ਹਾਂ" ਦਾ ਵਿਸ਼ਾ-ਪੱਖ ਅਤੇ ਪ੍ਰਮੁੱਖ ਸਰੋਕਾਰ

2.3 : "ਮੈਂ ਹੁਣ ਵਿਦਾ ਹੁੰਦਾ ਹਾਂ" ਦਾ ਰੂਪ-ਪੱਖ ਅਤੇ ਕਾਵਿ-ਜੁਗਤਾਂ

2.4 : ਪਾਸ਼ ਦੀ ਆਧੁਨਿਕ ਪੰਜਾਬੀ ਕਾਵਿ ਨੂੰ ਦੇਣ

2.5 : "ਦੇਸ਼ ਹੋਇਆ ਪਰਦੇਸ" ਦਾ ਵਿਸ਼ਾ-ਵਸਤੂ



**Department website : www.pbidde.org**

ਪਾਠ ਨੰਬਰ : 2.1 ਲੇਖਕ : ਪ੍ਰੋ. ਬ੍ਰਹਮ ਜਗਦੀਸ਼ ਸਿੰਘ

# ਨਕਸਲਵਾਦੀ ਲਹਿਰ ਅਤੇ ਪੰਜਾਬੀ ਕਵਿਤਾ - ਜਾਣ-ਪਛਾਣ

## 1.1 ਪਾਠ ਦਾ ਮੰਤਵ

ਇਸ ਪਾਠ ਦਾ ਮੰਤਵ ਵਿਦਿਆਰਥੀਆਂ ਨੂੰ ਨਕਸਲਵਾਦੀ ਲਹਿਰ ਦੇ ਪ੍ਰਭਾਵ ਅਧੀਨ ਪੈਦਾ ਹੋਈ ਨਵਪ੍ਰਗਤੀਵਾਦੀ ਜਾਂ ਜੁਝਾਰ-ਵਿਦਰੋਹੀ ਪੰਜਾਬੀ ਕਵਿਤਾ ਦੇ ਸਰੂਪ ਅਤੇ ਪ੍ਰਵਿਰਤੀ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ। ਆਧੁਨਿਕ ਪੰਜਾਬੀ ਕਵਿਤਾ ਕਿਸੇ ਨਾ ਕਿਸੇ ਧਾਰਮਿਕ-ਸਭਿਆਚਾਰਕ ਲਹਿਰ ਵਿਚੋਂ ਪੈਦਾ ਹੁੰਦੀ ਰਹੀ ਹੈ; ਜਿਵੇਂ ਸਿੰਘ ਸਭਾ ਲਹਿਰ, ਪ੍ਰਗਤੀਵਾਦੀ ਲਹਿਰ ਅਤੇ ਆਧੁਨਿਕਵਾਦੀ ਲਹਿਰ। ਇਨ੍ਹਾਂ ਲਹਿਰਾਂ ਨੂੰ ਵਿਚਾਰਧਾਰਕ ਆਧਾਰ ਬਣਾ ਕੇ ਪੰਜਾਬੀ ਕਵੀ ਆਪਣੀਆਂ ਕਵਿਤਾਵਾਂ ਦੀ ਸਿਰਜਣਾ ਕਰਦੇ ਰਹੇ ਹਨ। ਇਸੇ ਤਰ੍ਹਾਂ ਨਕਸਲਵਾਦੀ ਲਹਿਰ ਨਾਲ ਵੀ ਬਹੁਤ ਸਾਰੇ ਕਵੀ ਜੁੜੇ, ਜਿਵੇਂ ਦਰਸ਼ਨ ਖਟਕੜ, ਸੰਤ ਰਾਮ ਉਦਾਸੀ, ਅਮਰਜੀਤ ਚੰਦਨ, ਸੰਤ ਸੰਧੂ, ਗੁਰਦੀਪ ਗਰੇਵਾਲ, ਹਰਭਜਨ ਹਲਵਾਰਵੀ, ਲਾਲ ਸਿੰਘ ਦਿਲ, ਪਾਸ਼ ਆਦਿ। ਪਾਸ਼ ਇਨ੍ਹਾਂ ਸਾਰਿਆਂ ਵਿਚੋਂ ਸ਼ਿਰੋਮਣੀ ਕਵੀ ਸੀ। ਇਸ ਲਹਿਰ ਨੇ ਆਧੁਨਿਕ ਪੰਜਾਬੀ ਕਵਿਤਾ ਉੱਤੇ ਏਨਾ ਪ੍ਰਭਾਵ ਪਾਇਆ ਕਿ ਜਿਹੜੇ ਕਵੀ ਇਸ ਲਹਿਰ ਦੇ ਉੱਥਾਨ ਤੋਂ ਪਹਿਲਾਂ ਕਿਸੇ ਹੋਰ ਵਿਚਾਰਧਾਰਾਈ ਪ੍ਰਵਿਰਤੀ ਨਾਲ ਜੁੜੇ ਹੋਏ ਸਨ, ਉਹ ਵੀ ਇਸ ਨਵੇਂ ਪਰਿਪੇਖ ਵੱਲ ਆਕ੍ਰਸ਼ਿਤ ਹੋ ਗਏ ਅਤੇ ਨਕਸਲਵਾਦੀ ਵਿਚਾਰਧਾਰਾ ਦਾ ਕਾਵਿਕ ਅਭਿਵਿਅੰਜਨ ਕਰਨ ਲੱਗੇ। ਅਜਿਹੇ ਕਵੀਆਂ ਵਿਚ ਜਗਤਾਰ, ਪ੍ਰਮਿੰਦਰਜੀਤ, ਦੇਵ ਅਤੇ ਵਰਿਆਮ ਸਿੰਘ ਸੰਧੂ ਵਰਗੇ ਕਵੀਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਇਸ ਪਾਠ ਦੁਆਰਾ ਅਸੀਂ ਆਪਣੇ ਪਾਠਕਾਂ ਨੂੰ 1970 ਈ. ਤੋਂ ਲੈ ਕੇ 1980 ਈ. ਤੱਕ ਰਚੀ ਗਈ ਨਕਸਲਵਾਦੀ ਕਾਵਿ ਧਾਰਾ ਦਾ ਪਰਿਚਯ ਕਰਵਾ ਰਹੇ ਹਾਂ।

## 1.2 ਰੂਪ-ਰੇਖਾ

ਇਸ ਪਾਠ ਵਿਚ ਉਸ ਵਿਚਾਰਧਾਰਕ ਪਰਿਪੇਖ ਬਾਰੇ ਜਾਣਕਾਰੀ ਦਿੱਤੀ ਜਾਵੇਗੀ, ਜਿਸ ਨਾਲ ਨਕਸਲਵਾਦੀ ਕਵਿਤਾ ਜੁੜੀ ਹੋਈ ਸੀ। 1970 ਈ. ਦੇ ਆਸ ਪਾਸ ਪਹੁੰਚ ਕੇ ਭਾਰਤੀ ਲੋਕ ਸਵਰਾਜ ਦੀ ਲੋਕ ਵਿਰੋਧੀ ਭੂਮਿਕਾ ਤੋਂ ਨਿਰਾਸ਼ ਹੋ ਚੁੱਕੇ ਸਨ। ਉਨ੍ਹਾਂ ਨੂੰ ਮਹਿਸੂਸ ਹੋਣ ਲੱਗਾ ਸੀ ਕਿ ਸਵਰਾਜ ਗਿਣੇ-ਚੁਣੇ, ਸ਼ਕਤੀ ਅਤੇ ਸਾਧਨ-ਸੰਪੰਨ ਲੋਕਾਂ ਦੇ ਹੀ ਅਧਿਕਾਰਾਂ ਦੀ ਸੁਰੱਖਿਆ ਕਰਦਾ ਹੈ। ਆਮ ਆਦਮੀ ਦੇ ਹਿੱਤਾਂ ਦੀ ਰਾਖੀ ਲਈ ਉਸ ਪਾਸ ਕੁਝ ਨਹੀਂ ਹੈ। ਗ਼ਰੀਬ ਹੋਰ ਗ਼ਰੀਬ ਹੋ ਰਹੇ ਹਨ ਅਤੇ ਅਮੀਰ ਲੋਕ, ਰਾਜਨੇਤਾਵਾਂ, ਪੁਲਿਸ ਅਤੇ ਅਫ਼ਸਰਸ਼ਾਹੀ ਨਾਲ ਭਿਆਲੀ ਪਾ ਕੇ ਵਧੇਰੇ ਅਮੀਰ ਹੋ ਰਹੇ ਹਨ। ਇਸ ਨਿਰਾਸ਼ਾਜਨਕ ਸਥਿਤੀ ਵਿਚੋਂ ਹੀ ਨਕਸਲਵਾਦੀ ਲਹਿਰ ਦਾ ਜਨਮ ਹੋਇਆ। ਇਹ ਲਹਿਰ 1967 ਈ. ਵਿਚ ਪੱਛਮੀ ਬੰਗਾਲ ਦੇ ਦਾਰਜੀਲਿੰਗ ਜ਼ਿਲ੍ਹੇ ਦੇ ਇਕ ਪਿੰਡ 'ਨਕਸਲਬਾੜੀ' ਵਿਚ ਉੱਭਰੇ ਕਿਸਾਨ ਵਿਦਰੋਹ ਵਜੋਂ ਪੈਦਾ ਹੋਈ ਸੀ। ਉਸ ਤੋਂ ਉਪਰੰਤ ਇਹ ਲਹਿਰ ਪੂਰੇ ਭਾਰਤ ਵਿਚ ਫ਼ੈਲ ਗਈ। ਇਹ ਲਹਿਰ ਹਥਿਆਰਬੰਧ ਇਨਕਲਾਬ ਵਿਚ ਵਿਸ਼ਵਾਸ ਰੱਖਦੀ ਸੀ ਅਤੇ ਇਸ ਦਾ 'ਅਹਿੰਸਾ' ਵਰਗੇ ਸੰਕਲਪ ਨਾਲ ਵਿਰੋਧ ਸੀ। ਇਸ ਲਹਿਰ ਨਾਲ ਜੁੜੇ ਕ੍ਰਾਂਤੀਕਾਰੀਆਂ ਉੱਤੇ ਹਰ ਪ੍ਰਦੇਸ਼ ਦੀਆਂ ਸਰਕਾਰਾਂ ਨੇ ਤਸ਼ੱਦਦ ਕੀਤਾ ਪਰ ਇਸ ਦੇ ਬਾਵਜੂਦ ਅਜੇ ਵੀ ਇਹ ਭਾਰਤ ਦੇ ਕਈ ਪ੍ਰਦੇਸ਼ਾਂ ਵਿਚ ਪੂਰੀ ਤਰ੍ਹਾਂ ਸਰਗਰਮ ਹੈ। ਇਸ ਪਾਠ ਵਿਚ ਅਸੀਂ ਨਕਸਲਵਾਦੀ ਲਹਿਰ ਦੇ ਪ੍ਰਮੁੱਖ ਸਰੋਕਾਰਾਂ ਦੀ ਰੋਸ਼ਨੀ ਵਿਚ ਆਧੁਨਿਕ ਪੰਜਾਬੀ ਕਾਵਿ ਦੀ ਨਵਪ੍ਰਗਤੀਵਾਦੀ ਕਾਵਿ-ਧਾਰਾ ਦਾ ਵਿਸ਼ਲੇਸ਼ਣ ਕਰਾਂਗੇ।

### 1.3.1 ਨਕਸਲਵਾਦੀ ਲਹਿਰ ਦਾ ਵਿਚਾਰਧਾਰਕ ਪਿਛੋਕੜ

1964 ਵਿਚ ਭਾਰਤੀ ਕਮਿਊਨਿਸਟ ਪਾਰਟੀ ਦੇ ਦੋਫ਼ਾੜ ਹੋ ਜਾਣ ਉਪਰੰਤ ਨਵੀਂ ਬਣੀ ਪਾਰਟੀ ਸੀ.ਪੀ.ਐਮ. ਨੇ ਕਿਸਾਨੀ ਵਿਚ ਆਪਣੀਆਂ ਜੜ੍ਹਾਂ ਕਾਫ਼ੀ ਮਜਬੂਤ ਕਰ ਲਈਆਂ। ਪਰੰਤੂ ਜਦੋਂ ਬੰਗਾਲ ਵਰਗੇ ਪ੍ਰਦੇਸ਼ਾਂ ਵਿਚ ਵੀ ਇਸ ਪਾਰਟੀ ਦੀ ਸਰਕਾਰ ਕਿਸਾਨਾਂ ਦੀ ਭਲਾਈ ਵਾਸਤੇ ਠੋਸ ਕਦਮ ਨਾ ਉਠਾ ਸਕੀ ਤਾਂ 1967-68 ਵਿਚ ਕਮਿਊਨਿਸਟਾਂ ਦੇ ਇਕ ਹੋਰ ਧੜੇ ਨੇ ਜ਼ੋਰ ਫ਼ੜ੍ਹ ਲਿਆ ਜਿਸ ਨੂੰ ਮਾਰਕਸਵਾਦੀ-ਲੈਨਿਨਵਾਦੀ ਕਮਿਊਨਿਸਟ ਪਾਰਟੀ ਦਾ ਨਾਮ ਦਿੱਤਾ ਗਿਆ। ਇਹ ਪਾਰਟੀ ਚੀਨ ਵਿਚ ਮਾਓ-ਜ਼ੇ-ਤੁੰਗ ਦੁਆਰਾ ਪੇਸ਼ ਕੀਤੇ ਸਿਧਾਂਤਾਂ ਨੂੰ ਭਾਰਤ ਵਿਚ ਲਾਗੂ ਕਰਨਾ ਚਾਹੁੰਦੀ ਸੀ, ਕਿਉਂਕਿ ਪਾਰਟੀ ਦਾ ਵਿਚਾਰ ਸੀ ਕਿ ਚੀਨ ਵਿਚ ਪੇਂਡੂ ਕਿਸਾਨੀ ਦੀ ਅਗਵਾਈ ਲਈ ਜਿਹੜੇ ਸਿਧਾਂਤ ਕਾਰਗਰ ਸਿੱਧ ਹੋਏ ਹਨ, ਉਹ ਭਾਰਤ ਵਿਚ ਵੀ ਕਾਮਯਾਬ ਰਹਿਣਗੇ। ਇਸ ਪ੍ਰਸੰਗ ਵਿਚ ਜੇ.ਸੀ. ਜੌਹਰੀ (J.C. Johri) ਦਾ ਇਹ ਕਥਨ ਉਲੇਖਯੋਗ ਹੈ ਕਿ ਮਾਓ ਭਾਰਤੀ ਨਕਸਲਵਾਦੀ ਆਗੂਆਂ ਦਾ ਬੌਧਿਕ ਪਿਤਾਮਾ ਹੈ, ਜਿਸ ਨੇ ਏਸ਼ੀਆ ਦੇ ਵਾਤਾਵਰਣ ਅਨੁਕੂਲ ਇਨਕਲਾਬੀ ਨੀਤੀਆਂ

ਅਤੇ ਪ੍ਰੋਗਰਾਮ ਦਿੱਤੇ ਅਤੇ ਮਾਰਕਸਵਾਦ ਦੇ ਬੁੱਧੀਜੀਵੀ ਆਧਾਰ ਦੀ ਖੋਜ ਕੀਤੀ। (Naxalite Politics in India)

1.3.2 ਸੰਸਾਰ ਪੱਧਰ ਉੱਤੇ ਵੀ ਹਿੰਸਾ ਅਤੇ ਅਹਿੰਸਾ ਵਿਚਕਾਰ ਵਿਵਾਦ ਸਿਖਰ ਤੇ ਪੁੱਜ ਚੁੱਕਾ ਸੀ। ਇਸ ਵਿਚ ਫ਼ਰਾਂਸ ਅੰਦਰ ਉੱਠੀ ਵਿਦਿਆਰਥੀ ਲਹਿਰ ਦਾ ਜ਼ਬਰਦਸਤ ਪ੍ਰਭਾਵ ਸੀ। ਇਸ ਵਿਦਰੋਹ ਦਾ ਪ੍ਰੇਰਣਾ-ਸਰੋਤ ਇਕ ਪਾਸੇ ਚੀਨ ਅਤੇ ਕਿਊਬਾ ਵਿਚ ਹੋਏ ਸਫ਼ਲ ਸਮਾਜਵਾਦੀ ਇਨਕਲਾਬ ਸਨ ਜਿਹੜੇ ਕਿਸੇ ਸਮਝੌਤੇ ਜਾਂ ਪਾਰਲੀਮਾਨੀ ਲੜਾਈ ਦਾ ਸਿੱਟਾ ਨਹੀਂ ਸਨ, ਸਗੋਂ ਹਥਿਆਰਬੰਦ ਤਾਕਤ ਨਾਲ ਹਾਸਲ ਕੀਤੇ ਗਏ ਸਨ ਅਤੇ ਦੂਜੇ ਪਾਸੇ ਹਿੰਸਾਪੱਖੀ ਸਿਧਾਂਤਕਾਰ ਸਨ ਜਿਹੜੇ ਖੁਲ੍ਹਮ-ਖੁੱਲ੍ਹਾ ਹਥਿਆਰਬੰਦ ਇਨਕਲਾਬਾਂ ਦੀ ਹਮਾਇਤ ਕਰਦੇ ਸਨ ਅਤੇ ਹਿੰਸਾ ਦੀ ਵਰਤੋਂ ਨੂੰ ਉਚਿਤ ਠਹਿਰਾਉਂਦੇ ਸਨ। ਇਨ੍ਹਾਂ ਸਿਧਾਂਤਕਾਰਾਂ ਵਿਚ ਜਾਂ ਪਾਲ ਸਾਰਤਰ, ਫਰਾਂਜ਼ ਫ਼ੇਨਾਨ, ਚੇ ਗਵੇਰਾ ਅਤੇ ਮਾਓ-ਜੇ-ਤੁੰਗ ਆਦਿ ਦੇ ਨਾਮ ਲਏ ਜਾ ਸਕਦੇ ਹਨ।

1.3.3 ਭਾਰਤ ਵਿਚ ਨਕਸਲਵਾਦੀ ਲਹਿਰ ਦੀ ਉਤਪਤੀ ਦੇ ਕੁਝ ਕਾਰਨ ਸੱਤਾਧਾਰੀ ਪਾਰਟੀ ਦੇ ਲੋਕ ਵਿਰੋਧੀ ਚਰਿੱਤਰ ਵਿਚ ਵੀ ਲੱਭੇ ਜਾ ਸਕਦੇ ਹਨ। ਇਸ ਸਰਕਾਰ ਦੇ ਪੂੰਜੀਵਾਦੀ ਰਵੱਈਏ ਕਾਰਨ ਕਿਸਾਨਾਂ ਅਤੇ ਮਜ਼ਦੂਰਾਂ ਦਾ ਦਮ ਘੁੱਟ ਰਿਹਾ ਸੀ। ਉਨ੍ਹਾਂ ਦੀ ਆਰਥਿਕ ਸਥਿਤੀ ਬਦ ਤੋਂ ਬਦਤਰ ਹੁੰਦੀ ਜਾ ਰਹੀ ਸੀ। ਸਿੱਟੇ ਵਜੋਂ ਲੋਕ ਇਸ ਸਰਕਾਰ ਨੂੰ ਬਦਲਣ ਦੀ ਕੋਸ਼ਿਸ਼ ਕਰਨ ਲੱਗੇ। 1967 ਦੀਆਂ ਆਮ ਚੋਣਾਂ ਵਿਚ ਹਾਕਮ ਪਾਰਟੀ (ਭਾਰਤੀ ਨੈਸ਼ਨਲ ਕਾਂਗਰਸ) ਪਾਸੋਂ ਅੱਠ ਪ੍ਰਾਦੇਸ਼ਕ ਸਰਕਾਰਾਂ ਖੁੱਸ ਗਈਆਂ। ਬੰਗਾਲ ਅਤੇ ਕੇਰਲ ਵਿਚ ਮਾਰਕਸਵਾਦੀ ਬਹੁਸੰਮਤੀ ਵਾਲੀਆਂ ਸਰਕਾਰਾਂ ਬਣ ਗਈਆਂ ਅਤੇ ਹੋਰ ਕਈ ਪ੍ਰਦੇਸ਼ਾਂ ਵਿਚ ਵੀ ਕਮਿਊਨਿਸਟ ਭਾਰੀ ਗਿਣਤੀ ਵਿਚ ਜਿੱਤੇ। ਹਥਿਆਰਬੰਦ ਘੋਲ ਲਈ ਉਚਿਤ ਸਮਾਂ ਜਾਣ ਕੇ ਦਾਰੂ ਮਜੂਮਦਾਰ ਅਤੇ ਕਾਨੂ ਸਨਿਆਲ ਆਦਿ ਲੀਡਰਾਂ ਨੇ ਹਥਿਆਰਬੰਦ ਘੋਲ ਦਾ ਬਾਕਾਇਦਾ ਐਲਾਨ ਹੀ ਨਹੀਂ ਕੀਤਾ, ਬਲਕਿ ਇਹ ਕਿਹਾ ਗਿਆ ਕਿ ਦੇਸ਼ ਭਰ ਦੇ ਕਮਿਊਨਿਸਟ ਇਨਕਲਾਬੀਆਂ ਨੂੰ ਜੱਥੇਬੰਦ ਕੀਤਾ ਜਾਵੇ ਅਤੇ ਪਿੰਡਾਂ ਵਿਚ ਜਾ ਕੇ ਉੱਥੋਂ ਦੇ ਹਾਲਾਤ ਦਾ ਵਿਸ਼ਲੇਸ਼ਣ ਕਰਕੇ ਇਨਕਲਾਬੀ ਲਹਿਰਾਂ ਉਭਾਰੀਆਂ ਜਾਣ। ਇਨ੍ਹਾਂ ਘੋਲਾਂ ਦੇ ਅਸਲ ਵਿਚੋਂ ਆਗੂ ਆਪਣੇ ਆਪ ਪੈਦਾ ਹੋ ਜਾਣਗੇ। ਪਾਰਟੀ ਉਪਰੋਂ ਨਹੀਂ ਠੋਸੀ ਜਾਣੀ ਚਾਹੀਦੀ ਸਗੋਂ ਹੇਠੋਂ ਲੋਕਾਂ ਦੇ ਇਨਕਲਾਬੀ ਅਮਲ ਵਿਚੋਂ ਪੈਦਾ ਹੋਣੀ ਚਾਹੀਦੀ ਹੈ।

1.3.4 ਨਕਸਲਬਾੜੀ ਲਹਿਰ ਨੇ ਇਨਕਲਾਬ ਲਿਆਉਣ ਲਈ ਗੁਰੀਲਾ ਯੁੱਧ ਨੂੰ ਆਪਣਾ ਮੁੱਖ ਸਾਧਨ ਬਣਾਇਆ। ਇਸ ਯੁੱਧ ਦਾ ਉਦੇਸ਼ ਰਾਜਨੀਤੱਕ ਸੱਤਾ ਨੂੰ ਹਥਿਆਉਣਾ ਸੀ। ਇਸ ਦ੍ਰਿਸ਼ਟੀ ਤੋਂ ਇਹ ਲਹਿਰ ਪ੍ਰਗਤੀਵਾਦੀ ਲਹਿਰ ਤੋਂ ਕਈ ਕਦਮ ਅਗਾਂਹ ਸੀ। ਇਸ ਲਹਿਰ ਨੇ ਸਿਆਸੀ ਤਾਕਤ ਹਾਸਲ ਕਰਨ ਲਈ ਹਥਿਆਰਬੰਦ ਘੋਲ ਨੂੰ ਪ੍ਰਮੁੱਖ ਮੰਨਿਆ। ਇਹ ਘੋਲ ਨਾ ਕੇਵਲ ਵੱਡੇ ਜ਼ਿਮੀਦਾਰਾਂ ਦੇ ਵਿਰੁੱਧ ਸੀ ਬਲਕਿ ਮੁਖਬਰਾਂ, ਸ਼ਾਹੂਕਾਰਾਂ, ਭ੍ਰਿਸ਼ਟ ਕਰਮਚਾਰੀਆਂ ਅਤੇ ਪੁਲਸ ਅਫ਼ਸਰਾਂ ਦੇ ਵੀ ਵਿਰੁੱਧ ਸੀ। ਸੋਹੇਲ ਜਾਵੇਦ (Sohail Jawaid) ਨਕਸਲਬਾੜੀ ਲਹਿਰ ਦੇ ਨਿਸ਼ਾਨਿਆਂ ਨੂੰ ਸਪੱਸ਼ਟ ਕਰਦਾ ਹੋਇਆ ਲਿਖਦਾ ਹੈ, ''ਨਕਸਲਬਾੜੀ ਲਹਿਰ ਦੀ ਯੁੱਧ-ਨੀਤੀ ਦਾ ਨਿਸ਼ਾਨਾ-ਜ਼ਿਮੀਦਾਰਾਂ, ਸ਼ਾਹੂਕਾਰਾਂ ਅਤੇ ਪੁਲਸ ਅਤੇ ਇਸ ਦੇ ਮੁਖਬਰਾਂ ਅਤੇ ਹੋਰ ਦੂਸਰੇ ਲੋਕਾਂ, ਜੋ ਪਿੰਡਾਂ ਵਿਚ ਕਿਸਾਨਾਂ ਦੀ ਪ੍ਰਭੂਸੱਤਾ ਨੂੰ ਕਾਇਮ ਕਰਨ ਤੋਂ ਰੋਕਣ ਦਾ ਯਤਨ ਕਰਦੇ ਸਨ, ਨੂੰ ਖਤਮ ਕਰਨਾ ਸੀ। ਅੰਤ ਵਿਚ ਇਸ ਨੀਤੀ ਦਾ ਉਦੇਸ਼ ਸ਼ਹਿਰਾਂ ਵਿਚ ਵੀ ਰਾਜਨੀਤਕ ਸੱਤਾ ਨੂੰ ਹਥਿਆਉਣਾ ਸੀ।'' (Socialism in India)

1.3.5 ਨਕਸਲਬਾੜੀ ਲਹਿਰ ਦੇ ਸਰੂਪ ਬਾਰੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਇਹ ਲਹਿਰ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਦਾ ਹੀ ਇਕ ਨਵਾਂ ਰੂਪ ਸੀ। ਜੋ ਮਾਓ ਦੇ ਇਸ ਵਿਚਾਰ ਨੂੰ ''ਇਨਕਲਾਬ ਬੰਦੂਕ ਦੀ ਨਾਲੀ ਵਿਚੋਂ ਨਿਕਲਦਾ ਹੈ'' ਆਧਾਰ ਬਣਾ ਕੇ ਸੱਤਾ-ਪਰਿਵਰਤਨ ਲਿਆਉਣਾ ਚਾਹੁੰਦੀ ਸੀ। ਇਸ ਲਹਿਰ ਦੇ ਉਦੇਸ਼ਾਂ ਨੂੰ ਸਪਸ਼ਟ ਕਰਦਾ ਹੋਇਆ ਸੁਹੇਲ ਸਿੰਘ ਲਿਖਦਾ ਹੈ ਕਿ ਨਕਸਲਵਾਦੀ ਲਹਿਰ ਦੇ ਸੰਚਾਲਕਾਂ ਨੇ ਆਵਾਮ ਨੂੰ ਜੱਥੇਬੰਦ ਕਰਨ ਲਈ ਹੇਠ ਲਿਖੇ ਨਾਅਰੇ ਦਿੱਤੇ :

- ੳ. ਭਾਰਤ ਦੀ ਆਜ਼ਾਦੀ ਰਸਮੀ ਅਤੇ ਨਾਮਾਤਰ ਆਜ਼ਾਦੀ ਹੈ।
- ਅ. ਭਾਰਤ ਨਵਬਸਤੀਵਾਦੀ ਸਟੇਟ ਹੈ ਜਿਹੜੀ ਕਿ ਮੁੱਖ ਤੌਰ ਤੇ ਸਾਮਰਾਜੀਆਂ ਅਤੇ ਜਾਗੀਰਦਾਰਾਂ ਦੇ ਹਿੱਤਾਂ ਦੀ ਸੇਵਾ ਕਰ ਰਹੀ ਹੈ।
- ੲ. ਚੋਣਾਂ ਵਿਚ ਭਾਗ ਲੈਣਾ ਫ਼ਜ਼ੂਲ ਹੈ ਅਤੇ ਦੇਸ਼ ਦੀ ਅਜੋਕੀ ਸਥਿਤੀ ਵਿਚ ਇਸ ਦਾ ਬਾਈਕਾਟ ਜ਼ਰੂਰੀ ਹੈ।
- ਸ. ਇਨਕਲਾਬ ਬੰਦੂਕ ਦੀ ਨਾਲੀ ਵਿਚੋਂ ਨਿਕਲਦਾ ਹੈ ਅਤੇ ਇਸ ਦੇ ਲਈ ਅਮਲ ਤਤਫਟ ਆਰੰਭ ਦੇਣਾ ਚਾਹੀਦਾ ਹੈ।
- ਹ. ਇਨਕਲਾਬ ਲਈ ਲੋਕਾਂ ਨੂੰ ਲਾਮਬੰਦ ਕਰਨ ਦੀ ਜ਼ਰੂਰਤ ਨਹੀਂ। ਮਜ਼ਦੂਰ ਜਮਾਤ ਦਾ ਭਾਰਤੀ ਇਨਕਲਾਬ ਵਿਚ ਕੋਈ ਰੋਲ ਨਹੀਂ ਅਤੇ ਇਨਕਲਾਬ ਲਈ ਕੇਵਲ ਕੁਝ ਕੁ ਗੱਭਰੂਆਂ ਦੇ ਤਲੀ ਤੇ ਸਿਰ ਰੱਖ ਕੇ ਮੈਦਾਨ ਵਿਚ ਕੁੱਦਣ ਦੀ ਜ਼ਰੂਰਤ ਹੈ।

(ਨਕਸਲਵਾਦ ਦਾ ਹਕੀਕੀ ਚਿਹਰਾ, ਪੰਨਾ 6)

### 1.4.1 ਪੰਜਾਬੀ ਕਵਿਤਾ ਅਤੇ ਨਕਸਲਵਾਦ

ਪੰਜਾਬੀ ਲੇਖਕਾਂ ਉੱਤੇ ਇਸ ਲਹਿਰ ਨੇ ਵਿਆਪਕ ਪ੍ਰਭਾਵ ਪਾਇਆ। ਪੰਜਾਬ ਇਕ ਖੇਤੀਬਾੜੀ ਪ੍ਰਧਾਨ ਸੂਬਾ ਹੋਣ ਕਰਕੇ ਅਤੇ ਇਥੋਂ ਦੀ ਮੱਧ-ਸ਼੍ਰੇਣੀ ਉਪਰ ਕਮਿਊਨਿਸਟ ਵਿਚਾਰਧਾਰਾ ਦਾ ਵਿਸ਼ੇਸ਼ ਪ੍ਰਭਾਵ ਰਿਹਾ ਹੋਣ ਕਰਕੇ, ਇਥੇ ਨਕਸਲਵਾਦੀ ਲਹਿਰ ਦੇ ਆਦਰਸ਼ਾਂ ਦੀ ਪੇਸ਼ਕਾਰੀ ਕਰਨ ਵਾਲਾ ਸਾਹਿੱਤ ਵੱਡੀ ਮਾਤਰਾ ਵਿਚ ਰਚਿਆ ਗਿਆ। ਪ੍ਰੋ. ਮੋਹਨ ਸਿੰਘ ਅਤੇ ਅੰਮ੍ਰਿਤਾ ਪ੍ਰੀਤਮ ਵਰਗੇ ਪੁਰਾਣੇ ਅਤੇ ਸਥਾਪਿਤ ਕਵੀ ਵੀ ਇਸ ਵਿਚਾਰਧਾਰਾ ਤੋਂ ਅਣਭਿੱਜ ਨਾ ਰਹਿ ਸਕੇ ਅਤੇ ਉਨ੍ਹਾਂ ਨੇ ਇਸ ਰੰਗ ਨੂੰ ਪ੍ਰਗਟ ਕਰਨ ਵਾਲੀਆਂ ਇੱਕਾ-ਦੁੱਕਾ ਕਵਿਤਾਵਾਂ ਦੀ ਰਚਨਾ ਕੀਤੀ। ਡਾ. ਜਗਤਾਰ, ਪਾਸ਼, ਲਾਲ ਸਿੰਘ ਦਿਲ, ਹਰਭਜਨ ਹਲਵਾਰਵੀ, ਅਮਰਜੀਤ ਚੰਦਨ, ਦਰਸ਼ਨ ਖਟਕੜ ਅਤੇ ਸੰਤ ਰਾਮ ਉਦਾਸੀ ਇਸ ਭਾਵਬੋਧ ਨਾਲ ਸੰਬੰਧਿਤ ਕਵਿਤਾ ਦੇ ਪ੍ਰਮੁੱਖ ਪ੍ਰਵਕਤਾ ਬਣੇ। ਗਲਪ ਅਤੇ ਨਾਟਕ ਦੇ ਖੇਤਰ ਵਿਚ ਜਸਵੰਤ ਸਿੰਘ ਕੰਵਲ, ਕਰਮਜੀਤ ਸਿੰਘ ਕੁੱਸਾ, ਵਰਿਆਮ ਸਿੰਘ ਸੰਧੂ ਅਤੇ ਸ. ਗੁਰਸ਼ਰਨ ਸਿੰਘ ਨੇ ਨਕਸਲਵਾਦੀ ਲਹਿਰ ਦੇ ਮਨੋਰਥਾਂ ਦਾ ਨਿਰੂਪਣ ਕਰਨ ਵਾਲੀਆਂ ਰਚਨਾਵਾਂ ਕੀਤੀਆਂ। ਪਰੰਤੂ ਮੂਲ ਰੂਪ ਵਿਚ ਪੰਜਾਬੀ ਕਵੀਆਂ ਨੇ ਹੀ ਇਸ ਲਹਿਰ ਦੀ ਤਰਜਮਾਨੀ ਕੀਤੀ ਹੈ।

**1.4.2** ਪੰਜਾਬੀ ਵਿਚ ਰਚੀ ਗਈ ਨਕਸਲਵਾਦੀ ਅਨੁਭਵ ਦੀ ਕਵਿਤਾ ਲਈ ਹੋਰ ਵੀ ਕਈ ਨਾਮ ਰੱਖੇ ਗਏ ਹਨ; ਜਿਵੇਂ ਜੁਝਾਰਵਾਦੀ ਕਵਿਤਾ ਜਾਂ ਨਵਪ੍ਰਗਤੀਵਾਦੀ ਕਵਿਤਾ। ਡਾ. ਸਤਿੰਦਰ ਸਿੰਘ ਨੂਰ ਦਾ ਵਿਚਾਰ ਹੈ ਕਿ ਇਸ ਕਵਿਤਾ ਨੂੰ ਨਕਸਲਵਾਦੀ ਕਵਿਤਾ ਕਹਿਣ ਨਾਲੋਂ ਨਵਪ੍ਰਗਤੀਵਾਦੀ ਕਵਿਤਾ ਕਹਿਣਾ ਵਧੇਰੇ ਉਚਿਤ ਰਹੇਗਾ ਕਿਉਂਕਿ ਇਸ ਕਾਵਿਧਾਰਾ ਨਾਲ ਸਬੰਧਿਤ ਸਾਰੇ ਕਵੀ ਨਕਸਲਵਾਦੀ ਨਹੀਂ ਸਨ, ਪਰੰਤੂ ਕਾਵਿ ਵਿਚ ਪ੍ਰਗਤੀਵਾਦੀ ਸਿਧਾਂਤਾਂ ਨੂੰ ਮੰਨਣ ਵਾਲੇ ਜ਼ਰੂਰ ਸਨ। ਉਂਜ ਵੀ ਕਾਵਿ ਦੇ ਖੇਤਰ ਵਿਚ ਇਹ ਧਾਰਾ ਪ੍ਰਗਤੀਵਾਦ ਦਾ ਹੀ ਨਵਾਂ ਰੂਪ ਸੀ। ਜਿਸ ਵਿਚ ਪੁਰਾਣੇ ਪ੍ਰਗਤੀਵਾਦ ਨੂੰ ਕਈ ਥਾਂ ਘੂਰਿਆ ਵੀ ਗਿਆ। ਉਸ ਤੋਂ ਟੁੱਟ ਕੇ ਇਕ ਨਵੀਂ ਧਾਰਾ ਦਾ ਸਬੂਤ ਦੇਣ ਦੀ ਕੋਸ਼ਿਸ਼ ਵੀ ਕੀਤੀ ਗਈ, ਪਰ ਫ਼ਿਰ ਵੀ ਇਸ ਧਾਰਾ ਦਾ ਸਮੁੱਚਾ ਸੰਗਠਨ ਜਿੰਨਾ ਕੁ ਹੈ, ਉਹ ਇਸ ਧਾਰਾ ਨੂੰ ਕੇਵਲ ਨਵ-ਪ੍ਰਗਤੀਵਾਦੀ ਕਹਾਉਣ ਦਾ ਹੱਕ ਹੀ ਦਿੰਦਾ ਹੈ। ਇਹ ਧਾਰਾ ਰਾਜਨੀਤੀ ਵਿਚ ਇਕ ਨਵਾਂ ਉਭਾਰ ਆਉਣ ਦੇ ਨਾਲ ਹੀ ਉੱਭਰੀ ਅਤੇ ਉਸ ਦੇ ਮੱਠਾ ਪੈ ਜਾਣ ਨਾਲ ਖ਼ਤਮ ਹੋ ਗਈ। (*ਨਵੀਂ ਕਵਿਤਾ : ਸੀਮਾ ਤੇ ਸੰਭਾਵਨਾ,* ਪੰ. 43)

**1.4.3** ਇਸ ਕਾਵਿ-ਧਾਰਾ ਦੇ ਕਵੀਆਂ ਨੇ ਤਤੱਕਾਲੀਨ ਯਥਾਰਥ ਨੂੰ ਸਾਂਸਕ੍ਰਿਤਿਕ ਵਿਵੇਕ ਦੇ ਵਿਆਪਕ ਸੰਦਰਭ ਵਿਚ ਗ੍ਰਹਿਣ ਕਰਨ ਦੀ ਕੋਸ਼ਿਸ਼ ਕੀਤੀ ਅਤੇ ਇਸ ਕੋਸ਼ਿਸ਼ ਵਿਚ ਇਸ ਧਾਰਾ ਨੇ ਸੁਚੇਤ ਤੌਰ ਤੇ ਪੰਜਾਬ ਦੇ ਇਤਿਹਾਸਕ-ਸੰਸਕ੍ਰਿਤਿਕ ਪਿਛੋਕੜ ਨੂੰ ਆਪਣੇ ਰਚਨਾਤਮਕ ਕਾਰਜ ਲਈ ਪ੍ਰੇਰਣਾ-ਸਰੋਤ ਬਣਾਇਆ। ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਬਾਬਾ ਦੀਪ ਸਿੰਘ, ਭਾਈ ਮਨੀ ਸਿੰਘ ਆਦਿਕ ਧਾਰਮਿਕ-ਇਤਿਹਾਸਕ ਪਰੰਪਰਾ ਦੇ ਨਾਇਕਾਂ ਤੋਂ ਇਲਾਵਾ ਨਕਸਲਵਾਦੀ ਲਹਿਰ ਨਾਲ ਜੁੜੇ ਕਵੀਆਂ ਨੇ ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਊਧਮ ਸਿੰਘ ਆਦਿਕ ਇਨਕਲਾਬੀ ਸ਼ਹੀਦਾਂ ਦੇ ਬ੍ਰਿਤਾਂਤ ਵਿਚੋਂ ਵੀ ਆਪਣੇ ਮੂਲ ਆਦਰਸ਼ ਦੀ ਤਲਾਸ਼ ਕਰਨ ਦਾ ਯਤਨ ਕੀਤਾ ਹੈ। ਦੇਖੋ ਪਾਸ਼ ਦੀ ਇਕ ਕਵਿਤਾ :

ਅਸੀਂ ਜੰਮਣਾ ਨਹੀਂ ਸੀ  
ਅਸੀਂ ਲੜਨਾ ਨਹੀਂ ਸੀ  
ਅਸੀਂ ਤਾਂ ਬਹਿ ਕੇ ਹੇਮਕੁੰਟ ਦੇ ਉੱਤੇ  
ਭਗਤੀ ਕਰਨੀ ਸੀ ....  
.... ਮੈਂ ਕਹਿ ਉਠਿਆ ਚਲ ਬਈ ਸੰਤ (ਸੰਧੂ)  
ਹੇਠਾਂ ਧਰਤੀ ਦੇ ਚਲੀਏ  
ਪਾਪਾਂ ਦਾ ਭਾਰ ਵਧਦਾ ਜਾਂਦਾ ਹੈ  
ਤੇ ਅਸੀਂ ਹੁਣ ਆਏ ਹਾਂ  
ਸਾਨੂੰ ਸਾਡੇ ਹਿੱਸੇ ਦੀ ਕਟਾਰ ਦੇ ਦੇਵੋ  
ਅਸਾਡਾ ਪੇਟ ਹਾਜ਼ਰ ਹੈ।

(*ਲੋਹ ਕਥਾ*)

ਇਸੇ ਤਰ੍ਹਾਂ, ਸੰਤ ਸੰਧੂ ਵੀ ਅਤਿ ਭਾਵਕਤਾ ਵਸ ਹੋ ਕੇ ਪਾਸ਼ ਵਾਂਗ ਹੀ ਗੁਰ-ਇਤਿਹਾਸ ਵਿਚ ਪ੍ਰਵੇਸ਼ ਕਰਨ ਦੀ ਸਿਖਿਆ ਚੇਸ਼ਟਾ ਕਰਦਾ ਹੈ। ਧਾਰਮਿਕ-ਇਤਿਹਾਸ ਦਾ ਰੂਪਾਂਤਰਣ ਕਰਨ ਵਿਚ ਉਹ ਵੀ ਪਿੱਛੇ ਨਹੀਂ ਰਹਿੰਦਾ :

ਜੇ ਤੁਹਾਨੂੰ ਕੌਤੱਕਾਂ ਵਿਚ ਹੀ ਵਿਸ਼ਵਾਸ ਹੈ
ਜੇ ਤੁਹਾਨੂੰ ਚਮਤਕਾਰ ਹੀ ਭਰਮਾਉਂਦੇ ਹਨ
ਤਾਂ ਉਠੋ ਤੁਰੋ ਮੈਂ ਮੱਝੀਆਂ ਨੂੰ ਛੇੜਾਂਗਾ
ਤੁਸੀਂ ਆਪਣੀਆਂ ਅੱਖਾਂ ਨਾਲ
ਵੇਖ ਆਇਓ, ਗਿਣ ਆਇਓ
ਕਿ ਕਿੰਨੇ ਫਨੀਅਰਾਂ ਦੇ ਫਨ
ਅੱਜ ਮੈਨੂੰ ਵੀ ਚਵਰ ਝੱਲਦੇ ਹਨ।

(*ਆਰੰਭ,* ਪੰਨਾ 82)

**1.4.4** ਨਕਸਲਵਾਦੀ ਕਵੀਆਂ ਦੀ ਉਕਤ ਕਾਵਿ-ਵਿਧੀ ਦਾ ਵਿਸ਼ਲੇਸ਼ਣ ਕਰਦਾ ਹੋਇਆ ਪ੍ਰੋ. ਸੰਤ ਸਿੰਘ ਸੇਖੋਂ ਲਿਖਦਾ ਹੈ ਕਿ ਨਕਸਲੀ ਲਹਿਰ ਦੀ ਗਦਰੀ ਭਾਵਨਾ, ਜਿਸ ਨਾਇਕ ਨੂੰ ਜਨਮ ਦਿੰਦੀ ਹੈ, ਉਸ ਵਿਚ ਵਿਅਕਤੀਗਤ ਸੂਰਮਗਤੀ ਦੀ ਹਉਮੈ ਤਾਂ ਹੈ, ਪਰ ਕਿਸੇ ਲੋਕ-ਲਹਿਰ ਦੇ ਪ੍ਰਤੀਨਿਧ ਦਾ ਪ੍ਰਤੀਕ ਬਣਨ ਦੀ ਗੁੰਜਾਇਸ਼ ਨਹੀਂ ਹੈ (*ਸਮਕਾਲੀ ਸ਼੍ਰੋਮਣੀ ਕਾਵਿਧਾਰਾ,* ਪੰਨਾ 21)। ਇਸੇ ਤਰ੍ਹਾਂ ਇਕ ਹੋਰ ਆਲੋਚਕ ਲਿਖਦਾ ਹੈ ਕਿ ਸਾਡੇ ਇਹ ਕਲਯੁਗੀ ਅਵਤਾਰ (ਨਕਸਲੀ ਕਵੀ) ਆਪਣੀਆਂ ਵਿਅਕਤੀਗਤ ਹਿੰਸਾਤਮਕ ਰਿਧੀਆਂ-ਸਿਧੀਆਂ ਨਾਲ ਸਭ ਕੁਝ ਖੁਦ ਹੀ ਕਰ ਵਿਖਾਉਣ ਦਾ ਦਾਅਵਾ ਕਰਦੇ ਹਨ। ਉਨ੍ਹਾਂ ਦੀ ਇਹ ਪ੍ਰਵਿਰਤੀ ਗੋਬਿੰਦ-ਪਰੰਪਰਾ ਦੇ ਉਲਟ ਸੁਫ਼ਨਈ ਵਿਅਕਤੀਗਤ ਸੂਰਮਗਤੀ ਦੀ ਹਉਮੈ ਨੂੰ ਦਰਸਾਉਂਦੀ ਹੈ (*ਉਹੀ ਰਚਨਾ,* ਪੰਨਾ 18)। ਪਰੰਤੂ ਇਸ ਦੇ ਵਿਪਰੀਤ ਸਾਂਸਕ੍ਰਿਤਿੱਕ ਵਿਵੇਕ ਦੇ ਪਰਿਪੇਖ ਨੂੰ ਜਗਾਉਣ ਦੀ ਕੋਸ਼ਿਸ਼ ਵਿਚ ਜਿਥੇ ਕਿਤੇ ਕਵੀ ਦੀ ਸਿਰਜਨਾਤਮਕ ਪ੍ਰਤਿਭਾ ਉਲਾਰ ਨਹੀਂ ਹੋਈ, ਉੱਥੇ-ਉੱਥੇ, ਧਾਰਮਿਕ-ਇਤਿਹਾਸਕ ਵਿਰਸੇ ਦਾ ਬੜਾ ਉਚਿਤ ਅਤੇ ਪ੍ਰਭਾਵਸ਼ਾਲੀ ਨਿਰੂਪਣ ਵੀ ਹੋਇਆ ਹੈ। ਵੇਖੋ :

(ਗੁਰੂ) ਗੋਬਿੰਦ ਸਿੰਘ ਥਾਪਣਾ ਦੇ
ਕਚੀ ਗੜ੍ਹੀ ਚਮਕੌਰ ਨੂੰ ਜਾਣ ਦੀ ਹਿੰਮਤ ਵੀ
ਸਾਡੀ ਇਹ ਮਿੱਟੀ ਇਕ ਵਰਦਾਨ ਮੰਗਦੀ ਹੈ -
ਕਿ ਸਾਡੇ ਵਿਚ ਤੂੰ ਸਲਾਮਤ ਰਹੇਂ ....
ਯਾਰ ਸਾਡੇ ਦੀਪ ਸਿੰਘ
ਆਪਣਾ ਕੁਝ ਵੀ ਵੰਡਿਆ ਨਹੀਂ
ਜਾਚ ਤਾਂ ਦੱਸ ਸੀਸ ਤਲੀ 'ਤੇ ਕਿਵੇਂ ਟਿਕਦਾ ਹੈ
ਇਹ ਸ਼ਹਿਰ ਤੇਰੀ ਸ਼ਹੀਦੀ ਦਾ
ਇਸ਼ਕ ਸਾਡੇ ਦਾ ਵੀ ਪਹਿਲਾ ਪੜਾਅ
ਪਤਾ ਹੈ ? ਕਿ ਇਸ ਨਗਰ ਵਿਚ
ਚਲਦੀ ਚਰਖੜੀ ਤੇ ਚਲ ਰਿਹਾ ਆਰਾ -
ਇੰਟੈਰੋਗੇਸ਼ਨ ਸੈਂਟਰ ਦਾ ਜ਼ੁਲਮ
ਬਹੁਤ ਸੰਭਾਲ ਹੇਠਾਂ ਜੀ ਰਹੇ ਨੇ।

(*ਸੰਗ ਸਾਥੀ,* ਪੰਨਾ 9)

**1.4.5** ਨਕਸਲਵਾਦੀ ਲਹਿਰ ਨਾਲ ਜੁੜੇ ਹੋਏ ਕਵੀ ਮਾਓ-ਜ਼ੇ-ਤੁੰਗ ਅਤੇ ਚੇ ਗਵੇਰਾ ਵਰਗੇ ਇਨਕਲਾਬੀ ਯੋਧਿਆਂ ਅਤੇ ਚਿੰਤਕਾਂ ਦਾ ਅਨੁਸਰਣ ਕਰਦੇ ਹੋਏ ਗੁਰੀਲਾ ਯੁੱਧ ਦੀ ਵਕਾਲਤ ਕਰਦੇ ਹਨ। ਉਹ ਜਾਣਦੇ ਹਨ ਕਿ ਵੱਡੀਆਂ ਸਟੇਟਾਂ ਦੇ ਵਿਰੁੱਧ ਦੂੰਦ (ਆਹਮੋ-ਸਾਹਮਣਾ) ਯੁੱਧ ਕਰਕੇ ਕਾਮਯਾਬ ਹੋਣਾ ਕਠਿਨ ਹੈ। ਕੇਵਲ ਗੁਰੀਲਾ ਯੁੱਧ ਹੀ ਉਨ੍ਹਾਂ ਦੇ ਸੁਪਨਿਆਂ ਅਤੇ ਇਰਾਦਿਆਂ ਦੀ ਪੂਰਤੀ ਕਰ ਸਕਦਾ ਹੈ। ਇਸ ਪ੍ਰਸੰਗ ਵਿਚ ਅਮਰਜੀਤ ਚੰਦਨ ਦਾ ਇਕ ਕਥਨ ਉੱਲੇਖਯੋਗ ਹੈ, ''ਆਪਣੀ ਮਿੱਟੀ, ਆਪਣੇ ਲੋਕਾਂ ਦੀ ਗੱਲ ਕਰਨ ਲਈ ਇਜ਼ਹਾਰ ਦਾ ਅੰਦਾਜ਼ ਉਹੀ ਹੋ ਸਕਦਾ ਹੈ, ਜਿਸ ਵਿਚ ਜੂਝ ਰਹੇ, ਨਵੇਂ ਜਨਮ ਲੈ ਰਹੇ ਮਨੁੱਖ ਦਾ ਲੋਕ-ਯੁੱਧ ਪ੍ਰਤੀ ਧੁਰ ਦਿਲ ਤੱਕ ਅਸਰ ਕਰਨ ਵਾਲਾ ਹੁੰਗਾਰਾ, ਪੰਘਰ ਰਹੀ ਬਰਫ਼ ਵਰਗਾ ਵਹਾਅ ਤੇ ਗੁਰੀਲੇ ਦੇ ਪ੍ਰਚੰਡ ਚਿਹਰੇ ਦਾ ਜਲਾਲ ਹੋਵੇ।'' (*ਮਿੱਟੀ ਦਾ ਰੰਗ,* ਪੰਨਾ 3) ਪ੍ਰਸਿੱਧ ਅਲਜੇਰੀਆਈ ਚਿੰਤੱਕ ਫੇਨਾਨ ਦੇ ਸ਼ਬਦਾਂ ਵਿੱਚ ਇਹ ਧਾਰਾ ਮੁਕੰਮਲ ਇਨਸਾਨ ਦੀ ਰਚਨਾ ਕਰਨ ਅਤੇ ਨਵੇਂ ਮਨੁੱਖ ਨੂੰ ਪੈਰਾਂ ਤੇ ਖੜ੍ਹਾ ਕਰਨ ਦੇ ਸੰਕਲਪ ਲੈ ਕੇ ਪ੍ਰਗਟ ਹੋਈ ਹੈ। ਫੇਨਾਨ ਲਿਖਦਾ ਹੈ :

Let us try to create the whole man, whom Europe has been incapable of

bringing to triumplant birth. For Europe, for ourselves and for humanity, we must work out new concepts and try to set a foot a new man.

(*The Wretched of the Earth*)

1.4.6 ਗੁਰੀਲਾ-ਯੁੱਧ ਦੀ ਸਾਰਥਿਕਤਾ ਦੀ ਵਕਾਲਤ ਕਰਦੇ ਹੋਏ ਇਸ ਧਾਰਾ ਦੇ ਚਿੰਤਕ ਲਿਖਦੇ ਹਨ ਕਿ ਸਥਾਪਨਾ ਦੀ ਸੰਗਠਿਤ ਹਿੰਸਾ ਦਾ ਸਿੱਧਾ ਮੁਕਾਬਲਾ ਨਹੀਂ ਕੀਤਾ ਜਾ ਸਕਦਾ। ਇਸ ਲਈ ਸਥਾਪਨਾ ਦੇ ਵਿਰੁੱਧ ਸਿੱਧੀ ਲੜਾਈ ਕਰਨ ਦਾ ਅਰਥ ਹੈ ਮੌਤ ਨੂੰ ਸੱਦਾ ਦੇਣਾ। ਡਾ. ਕਰਮਜੀਤ ਸਿੰਘ ਨਕਸਲਵਾਦੀਆਂ ਦੇ ਇਸ ਪੈਂਤੜੇ ਦੀ ਵਿਆਖਿਆ ਕਰਦਾ ਹੋਇਆ ਲਿਖਦਾ ਹੈ ਕਿ ਅਸਾਵੇਂ ਮੁਕਾਬਲੇ ਦੀ ਇਸ ਭੂਮਿਕਾ ਵਿਚ ਜੁਝਾਰ-ਵਿਦਰੋਹੀ ਚੇਤਨਾ ਸਿੱਧੀ ਜਮਾਤੀ ਸਫ਼ਬੰਦੀ ਦੀ ਥਾਂ ਸਥਾਪਨਾ ਦੀਆਂ ਸੰਸਥਾਵਾਂ ਉੱਤੇ ਘਾਤ ਲਗਾ ਕੇ, ਲੁਕ ਛਿਪ ਕੇ ਵਾਰ ਕਰਨ ਅਤੇ ਇਸ ਦੀ ਪ੍ਰਸ਼ਾਸ਼ਕੀ ਪ੍ਰਣਾਲੀ ਤੇ ਅਮਨ ਕਾਨੂੰਨ ਦੀ ਵਿਵਸਥਾ ਨੂੰ ਭੰਗ ਕਰਨ ਲਈ ਗੁਰੀਲਾ ਯੁੱਧ ਦਾ ਢੰਗ ਅਪਣਾਉਂਦੀ ਹੈ। ਇਸ ਤਰ੍ਹਾਂ ਕ੍ਰਾਂਤੀਸ਼ੀਲ ਸਮਾਜਿਕ ਪਰਿਵਰਤਨ ਦੇ ਆਦਰਸ਼ ਦੀ ਪ੍ਰਾਪਤੀ ਲਈ ਗੁਰੀਲਾ ਯੁੱਧ ਵਿਚਾਰਧਾਰਕ ਸਾਧਨ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ ਅਤੇ ਜੁਝਾਰ-ਵਿਦਰੋਹੀ ਕਾਵਿਧਾਰਾ ਦੀ ਵਿਚਾਰਧਾਰਾ ਦਾ ਕੇਂਦਰੀ ਸੂਤਰ ਬਣਦਾ ਹੈ। (*ਆਧੁਨਿਕ ਪੰਜਾਬੀ ਕਾਵਿ-ਧਾਰਾਵਾਂ ਦੇ ਵਿਚਾਰਧਾਰਾਈ ਆਧਾਰ,* ਪੰਨਾ, 226) ਅਮਰਜੀਤ ਚੰਦਨ ਦੀਆਂ ਹੇਠ ਲਿਖਤ ਕਾਵਿ ਪੰਕਤੀਆਂ ਵਿਚ ਗੁਰੀਲਾ ਯੁੱਧ ਦੇ ਨਾਇਕ ਨੂੰ ਪ੍ਰਭਾਵਸ਼ਾਲੀ ਅੰਦਾਜ਼ ਵਿਚ ਪੇਸ਼ ਕੀਤਾ ਗਿਆ ਹੈ :

ਉਹ ਆ ਰਿਹਾ ਹੈ, ਉਹ ਆਵੇਗਾ
ਉਸ ਦੇ ਹੱਥ ਵਿਚ ਬੰਦੂਕ ਹੋਵੇਗੀ
ਜਿਸ ਨੂੰ ਉਹ ਮਧੁਰ ਰਾਗਣੀਆਂ ਦਾ ਸਾਜ਼ ਕਹਿੰਦਾ ਹੈ
ਜਲਾਵਤਨ ਬੋਲਾਂ ਨੂੰ ਉਹਨਾਂ ਦਾ ਵਤਨ ਮਿਲੇਗਾ
ਇਕ ਨਹੀਂ, ਦੋ ਨਹੀਂ, ਕਿੰਨੇ ਹੀ ਵੀਅਤਨਾਮਾਂ ਵਿਚ
ਉਹ ਆਵੇਗਾ,
ਭਵਿੱਖ ਸਾਡੇ ਕਦਮਾਂ 'ਚ ਹੋਵੇਗਾ।

(*ਕੌਣ ਨਹੀਂ ਚਾਹੇਗਾ* )

1.4.7 ਇਹ ਗੁਰੀਲਾ, ਜੁਝਾਰ ਕਵਿਤਾ ਵਿਚ ਪੇਸ਼ ਕਲਪਿਤ ਕ੍ਰਾਂਤੀ ਦਾ ਰੋਮਾਂਟਿਕ ਨਾਇਕ ਹੈ ਜੋ ਆਪਣੇ ਆਦਰਸ਼ ਦੀ ਪ੍ਰਾਪਤੀ ਲਈ ਸਥਾਪਨਾ ਨਾਲ ਅਸਾਵੇਂ ਘੋਲ ਦੇ ਨਿਰੰਤਰ ਸੰਘਰਸ਼ ਵਿਚੋਂ ਗੁਜਰਨ ਲਈ ਪ੍ਰਤੀਬੱਧ ਹੈ। ਜਗਤਾਰ ਦੀਆਂ ਨਿਮਨ-ਅੰਕਿਤ ਕਾਵਿ ਪੰਗਤੀਆਂ ਵਿਰੋਧੀ ਧਿਰ ਨਾਲ ਤੀਬਰ ਹੁੰਦੇ ਟਕਰਾਉ ਦੇ ਸੰਦਰਭ ਵਿਚ 'ਗੁਰੀਲਾ ਨਾਇਕ' ਦੇ ਲੰਮੇ ਸੰਘਰਸ਼ ਅਤੇ ਕ੍ਰਾਂਤੀਸ਼ੀਲ ਸੰਭਾਵਨਾ ਨੂੰ ਪੇਸ਼ ਕਰਦੀਆਂ ਹਨ :

ਹਾਲੇ ਕੀ ਪਤਾ ਕਿੰਨੇ ਕੁ ਸਿਰ ਸਾਡੇ, ਸਲੀਬਾਂ ਨੂੰ ਲੋੜੀਂਦੇ
ਇਸ ਰਾਹ ਦਾ ਤੂੰ, ਇਕ ਐਸਾ ਚਿਤੇਰਾ ਏ ਕਿ ਜਿਸ ਨੇ
ਅਵਾਜ਼ਾਂ ਦੀਆਂ ਲਹਿਰਾਂ 'ਚ ਲਹੂ ਭਰਨਾ ਸਿਖਾਇਆ।
ਆਵਾਜ਼ ਕਤਲ ਹੁੰਦੀ ? ਕਦੇ ਸ਼ਬਦ ਵੀ ਮਰਦੇ ਨੇ ਭਲਾ ?
ਤੂੰ ਹਜ਼ਾਰਾਂ ਈ ਜਿਸਮਾਂ 'ਚ ਜਿਉਂਦਾ ਏਂ ਤੇ ਜਿਉਂਦਾ ਰਹੇਗਾ,
ਤੂੰ ਉਹ ਛਿਣ ਏਂ ਜੋ ਮਰਦਾ ਨਹੀਂ ਇਤਿਹਾਸ ਹੈ ਬਣਦਾ ...
ਤੂੰ ਇਕ ਐਸੇ ਲਹੂ ਦਾ ਨਕਸ਼ ਏਂ ਜੋ
ਹਰ ਘਰ ਦੀ ਦੀਵਾਰ ਤੇ ਚਮਕੇਗਾ, ਮੁਸਕਰਾਏਗਾ
ਉਸ ਵਕਤ ਤੇਰੇ ਖ਼ੂਨ ਦੇ ਇਸ ਨਕਸ਼ ਨੂੰ
ਤੋਪਾਂ ਦੀ ਸਲਾਮੀ ਮਿਲੇਗੀ।

(*ਆਰੰਭ*)

### 1.5.1 **ਪ੍ਰਗਤੀਵਾਦੀ ਕਵਿਤਾ, ਨਕਸਲਵਾਦੀ ਕਵਿਤਾ ਅਤੇ ਕ੍ਰਾਂਤੀਕਾਰੀ ਟੈਕਸਟ**

ਸਤਿੰਦਰ ਸਿੰਘ ਨੂਰ ਭਾਵੇਂ ਨਕਸਲੀ ਕਵਿਤਾ ਨੂੰ ਪ੍ਰਗਤੀਵਾਦੀ ਕਵਿਤਾ ਦਾ ਹੀ ਇਕ ਵਿਸਤਾਰ ਮੰਨਦਾ ਹੈ ਅਤੇ ਉਹ ਇਸ ਕਵਿਤਾ ਨੂੰ ਨਵ-ਪ੍ਰਗਤੀਵਾਦ ਦੇ ਸਿਰਲੇਖ ਅਧੀਨ ਵਿਚਾਰਣ ਦੀ ਸਿਫ਼ਾਰਿਸ਼ ਕਰਦਾ ਹੈ, ਪਰੰਤੂ ਕੁਝ ਹੋਰ ਵਿਦਵਾਨ ਇਸ ਨੂੰ ਵੱਖਰੇ ਅਨੁਭਵ ਦੀ ਕਵਿਤਾ ਸਵੀਕਾਰ ਕਰਦੇ ਹਨ। ਇਸ ਪ੍ਰਸੰਗ ਵਿਚ ਰਵਿੰਦਰ ਰਵੀ ਲਿਖਦਾ ਹੈ ਕਿ 1960–

65 ਤੱਕ ਜਿਸ ਪ੍ਰਗਤੀਵਾਦੀ ਕਾਵਿ ਦੀ ਸਿਰਜਨਾ ਹੁੰਦੀ ਰਹੀ, ਉਹ ਅਸਲ ਵਿਚ ਜਮਹੂਰੀ, ਅਗਾਂਹਵਧੂ, ਉਦਾਰ-ਬੁਰਜ਼ੂਆ, ਦੇਸ਼ ਭਗਤ ਅਤੇ ਖੱਬੀਆਂ ਸ਼ਕਤੀਆਂ ਦਾ ਵਿਸ਼ਾਲ ਸਾਂਝਾ ਮੁਹਾਜ਼ ਸੀ ਜਿਹੜਾ ਮੁੱਖ ਰੂਪ ਵਿਚ ਵੇਲਾ ਵਿਹਾ ਚੁੱਕੀਆਂ ਜਾਗੀਰਦਾਰੀ ਕੀਮਤਾਂ, ਵਿਸ਼ਵਾਸਾਂ ਅਤੇ ਸੰਸਕਾਰਾਂ ਆਦਿ ਦੀਆਂ ਜਕੜਾਂ ਵਿਰੁੱਧ ਅਗਾਂਹਵਧੂ ਸਮਾਜਵਾਦੀ ਤਾਕਤਾਂ ਦੇ ਹੱਕ ਵਿਚ ਅਤੇ ਸਾਮਰਾਜ ਵਿਰੋਧੀ ਸੀ। ਇਸ ਦੇ ਇਤਿਹਾਸਕ ਯੋਗਦਾਨ ਦੇ ਬਾਵਜੂਦ ਇਹ ਮਾਰਕਸਵਾਦੀ ਵਿਚਾਰਧਾਰਾ ਨਾਲ ਮੂਲ ਤੌਰ ਤੇ ਕੇਵਲ ਭਾਵੁਕ ਰੂਪ ਵਿਚ ਆਦਰਸ਼ਵਾਦੀ, ਮਾਨਵਤਾਵਾਦੀ ਅਤੇ ਸੁਧਾਰਵਾਦੀ ਦ੍ਰਿਸ਼ਟੀਕੋਣ ਤੱਕ ਹੀ ਸੀਮਿਤ ਸੀ। ਸਥਾਨਕ, ਪੂੰਜੀਵਾਦੀ ਅਰਥ ਵਿਵਸਥਾ, ਬੁਰਜ਼ੂਆ ਰਾਜਨੀਤੀ, ਜਮਾਤੀ ਜੀਵਨ ਮੁੱਲਾਂ ਆਦਿ ਪ੍ਰਤੀ ਇਸ ਦਾ ਕੋਈ ਵਿਸ਼ੇਸ਼ ਮੁਹਾਜ਼ ਨਹੀਂ ਸੀ। ਇਸ ਤੋਂ ਉਲਟ ਵਿਚਾਰਾਧੀਨ ਕਾਵਿਧਾਰਾ ਨਿਰੋਲ ਮਾਰਕਸਵਾਦੀ ਵਿਚਾਰਧਾਰਾ ਅਤੇ ਰਾਜਨੀਤੀ ਪ੍ਰਤੀ ਅਤਿਵਾਦੀ ਅਤੇ ਕੱਟੜਪੁਣੇ ਦੀ ਹੱਦ ਤੱਕ ਪ੍ਰਤੀਬੱਧ ਅਤੇ ਸੁਚੇਤ ਸੀ। ਇਸ ਲਈ ਇਸ ਨੂੰ ਪ੍ਰਗਤੀਵਾਦੀ ਲਹਿਰ ਦਾ ਕੋਈ ਨਵਾਂ ਵਿਕਸਿਤ ਜਾਂ ਅਜੋਕਾ ਰੂਪ ਕਹਿਣਾ ਉਚਿਤ ਨਹੀਂ।

(ਵੇਖੋ : *ਵਿਰਸਾ ਤੇ ਵਰਤਮਾਨ,* ਪੰਨੇ 118-19)

**1.5.2** ਇਸ ਕਾਵਿਧਾਰਾ ਨੂੰ ਕ੍ਰਾਂਤੀਕਾਰੀ ਕਾਵਿ ਵੀ ਕਿਹਾ ਗਿਆ ਹੈ, ਪਰੰਤੂ ਡਾ. ਗੁਰਬਚਨ ਵਰਗੇ ਆਧੁਨਿਕ ਚਿੰਤਕ ਇਸ ਨੂੰ ਕ੍ਰਾਂਤੀਕਾਰੀ ਕਹਿਣੋਂ ਵੀ ਝਿਜਕਦੇ ਹਨ। ਡਾ. ਗੁਰਬਚਨ ਨੇ ਕ੍ਰਾਂਤੀਕਾਰੀ ਟੈਕਸਟ ਦੇ ਹੇਠ ਲਿਖੇ ਪਹਿਚਾਣ-ਚਿੰਨ੍ਹ ਦਰਸਾਏ ਹਨ :

ੳ. ਕਾਵਿ ਭਾਸ਼ਾ ਅਤੇ ਆਮ ਬੋਲ-ਚਾਲ ਦੀ ਭਾਸ਼ਾ ਵਿਚ ਨਿਖੇੜ ਕਰਨਾ।

ਅ. ਕਾਵਿ-ਭਾਸ਼ਕ ਸਿਰਜਨਾ ਨੂੰ ਕਲਚਰਲ ਟੈਕਸਟ ਅਤੇ ਸਾਧਾਰਣ ਭਾਸ਼ਕ ਸਿਰਜਨਾ ਨੂੰ ਕਲਚਰ ਦੀ ਸਬ-ਟੈਕਸਟ ਵਜੋਂ ਸਵੀਕਾਰ ਕਰਨਾ।

ੲ. ਉਪਰਲੇ ਮਾਡਲ ਨੂੰ ਧਿਆਨ ਵਿਚ ਰਖਕੇ ਪ੍ਰਗਤੀਸ਼ੀਲ/ਕ੍ਰਾਂਤੀਕਾਰੀ ਸਬ-ਟੈਕਸਟ ਵਿਚ ਨਿਖੇੜੇ ਨੂੰ ਧਿਆਨ ਵਿਚ ਰਖਣਾ।

ਸ. ਟੈਕਸਟ ਸਿਰਜਣ ਕਾਰਜ ਨੂੰ ਸਭਿਆਚਾਰਕ ਮੰਨ ਕੇ ਸਿਆਸੀ ਸੰਗਰਾਮ ਦੇ ਸਮਾਨਾਂਤਰ ਅਥਵਾ ਕਾਊਂਟਰਕਲਚਰ ਵੱਲ ਵਧਣਾ।

ਹ. ਜਦੋਂ ਟੈਕਸਟ ਸਿਰਜਣ ਕਾਰਜ ਦਾ ਪ੍ਰਤੀਮਾਨ ਕ੍ਰਾਂਤੀਕਾਰੀ ਕਾਊਂਟਰ ਕਲਚਰ ਦੀ ਕਾਵਿ ਭਾਸ਼ਾ ਮੰਨ ਲਿਆ ਜਾਵੇ ਤਾਂ ਵਿਚਾਰਧਾਰਾ ਪੱਖੋਂ ਇਸ ਦਾ ਕਿਰਦਾਰ ਬੁਰਜ਼ੂਆ ਵਿਰੋਧੀ ਹੋਣਾ ਲਾਜ਼ਮੀ ਹੈ।

(*ਚਿਹਨ, ਸੰਰਚਨਾ ਤੇ ਮਾਰਕਸਵਾਦ,* ਪੰਨਾ 105)

**1.5.3** ਪ੍ਰਸਿੱਧ ਮਾਰਕਸਵਾਦੀ ਚਿੰਤਕ ਰਵਿੰਦਰ ਰਵੀ ਨੂੰ ਵੀ ਇਸ ਕਾਵਿਧਾਰਾ ਨੂੰ ਕ੍ਰਾਂਤੀਕਾਰੀ ਟੈਕਸਟ ਮੰਨੇ/ਕਹੇ ਜਾਣ ਤੇ ਇਤਰਾਜ਼ ਹੈ। ਕ੍ਰਾਂਤੀਕਾਰੀ ਟੈਕਸਟ ਦੀ ਪਰਿਭਾਸ਼ਾ ਦਿੰਦਾ ਹੋਇਆ ਉਹ ਲਿਖਦਾ ਹੈ ਕਿ ''ਕੋਈ ਵੀ ਸੰਸਕ੍ਰਿਤੱਕ ਸਿਰਜਨਾ ਉਦੋਂ ਹੀ ਕ੍ਰਾਂਤੀਕਾਰੀ ਸੰਸਕ੍ਰਿਤੱਕ ਸਿਰਜਨਾ ਦਾ ਰੂਪ ਧਾਰਨ ਕਰ ਸਕਦੀ ਹੈ, ਜਦੋਂ ਉਹ (1) ਕਿਸੇ ਦੌਰ ਦੀ ਸਮਾਜਕ-ਇਤਿਹਾਸਕ ਡਾਇਲੈਕਟਿਕਸ ਦੇ ਗੁਣਾਤਮਕ ਰੂਪਾਂਤਰਣ ਦੁਆਰਾ (2) ਸਿਰਜੇ ਗਏ ਸੰਸਕ੍ਰਿਤੱਕ ਪਾਸਾਰ ਤੇ ਪ੍ਰੌਢ ਸਰਬਾਂਗੀ ਸਮੁੱਚ ਨੂੰ (3) ਚੇਤਨਾ ਦੇ ਸਮਕਾਲੀਨ ਮੁਹਾਵਰੇ ਵਿਚ (4) ਕ੍ਰਾਂਤੀਕਾਰੀ ਸੰਸਕ੍ਰਿਤੱਕ ਚਿਹਨਕਾਂ ਰਾਹੀਂ (5) ਉੱਭਰਦੀ ਭਾਰੂ ਭਵਿੱਖਮੁੱਖੀ ਸੰਰਚਨਾ ਦੇ ਰੂਪ ਵਿਚ ਹੋਂਦ ਗ੍ਰਹਿਣ ਕਰਦੀ ਹੋਵੇ।''

(ਵੇਖੋ, *ਵਿਰਸਾ ਤੇ ਵਰਤਮਾਨ,* ਪੰਨਾ 118)

### 1.6.1 ਵਸਤੂ-ਸਾਮੱਗਰੀ

ਨਕਸਲਵਾਦੀ ਕਵਿਤਾ ਦੀ ਵਸਤੂ-ਸਾਮੱਗਰੀ ਵਿਚ ਖੇਤਾਂ ਵਿਚ ਕੰਮ ਕਰਦੇ ਹੋਏ ਕਿਰਸਾਨਾਂ, ਰੁਜ਼ਗਾਰ ਦੀ ਤਲਾਸ਼ ਵਿਚ ਭਟਕ ਰਹੇ ਨੌਜਵਾਨਾਂ, ਵਿਆਹ ਦੀ ਉਡੀਕ ਵਿਚ ਅਧਖੜ ਬਣ ਰਹੀਆਂ ਮੁਟਿਆਰਾਂ, ਕਰਜ਼ੇ ਨਾ ਮੋੜ ਸਕਣ ਦੀ ਸੂਰਤ ਵਿਚ ਪੁਲਿਸ ਹੱਥੋਂ ਅਪਮਾਨਿਤ ਹੋ ਰਹੇ ਬਜ਼ੁਰਗਾਂ ਅਤੇ ਨਿੱਕੇ-ਨਿੱਕੇ ਖੇਡ-ਖਿਡਾਉਣਿਆਂ ਲਈ ਤਰਸ ਰਹੇ ਬੱਚਿਆਂ ਦੇ ਪ੍ਰਭਾਵਸ਼ਾਲੀ ਅਤੇ ਭਾਵੁਕ ਬਣਾ ਦੇਣ ਵਾਲੇ ਚਿੱਤਰ ਦ੍ਰਿਸ਼ਟੀਗੋਚਰ ਹੁੰਦੇ ਹਨ। ਪਾਸ਼ ਦੀ ਕਾਵਿ ਰਚਨਾ *ਲੋਹ ਕਥਾ* ਦੀ ਭੂਮਿਕਾ ਵਿਚ ਸੰਤ ਸੰਧੂ ਲਿਖਦਾ ਹੈ, ''ਕਲਮ ਦੀ ਪਿਚਕਾਰੀ 'ਚੋਂ ਫੁੱਟਦੇ ਰੰਗ ਦਾ ਭਾ ਲੋਕ ਪਰਜਾ ਦੀ ਸਮੂਹਿਕ ਸਮਾਜਿਕ ਦਸ਼ਾ ਤੇ ਪਾਏ ਹਾਕਮ ਜਮਾਤ ਦੇ ਅਸਰਾਂ ਤੇ ਦਬਾਵਾਂ ਦਾ ਪ੍ਰਤੀਕਰਮ ਹੈ। ਪਿਚਕਾਰੀ ਦੇ ਰੰਗ, ਪਾਸ਼ ਦੀ ਕਲਮ 'ਚੋਂ ਕਿਵੇ ਂ ਉਘੜਦੇ ਹਨ, ਇਹ ਗੱਲ ਗੁੱਝੀ ਨਹੀਂ ਜਾਂ ਸਿਰਫ਼ ਕਹਿਣ-ਸੁਣਨ ਤੱਕ ਹੀ ਸੀਮਤ ਨਹੀਂ। ... ਗੱਲ ਸੁਲਗਦੀ-ਸੁਲਗਦੀ ਹਿਲਜੁਲ, ਤਰਥੱਲੀ ਅਤੇ ਝੱਖੜ ਬਣਦੀ ਜਾ ਰਹੀ ਹੈ।'' ਕਵੀ ਨੂੰ ਸ਼ਹਿਰਾਂ ਅਤੇ ਕਸਬਿਆਂ ਦੇ ਸਾਰੇ ਦਫ਼ਤਰ ਅਤੇ ਸਰਕਾਰੀ ਦਫ਼ਤਰ ਭ੍ਰਿਸ਼ਟਾਚਾਰ ਦੇ ਅੱਡੇ ਦਿਖਾਈ ਦਿੰਦੇ ਹਨ ਅਤੇ ਇਸੇ ਲਈ ਉਹ ਇਨ੍ਹਾਂ ਨੂੰ ਕੋਝੇ ਅਤੇ ਮਾਨਵ-ਵਿਰੋਧੀ ਮੰਨਦਾ ਹੋਇਆ ਇਨ੍ਹਾਂ ਦੇ ਵਿਰੁੱਧ ਸੰਘਰਸ਼ ਕਰਦਾ ਹੈ। ਦੇਖੋ :

ਸ਼ਹਿਰਾਂ ਵਿਚ ਮੈਂ ਥਾਂ ਥਾਂ ਕੋਝ ਵੇਖਿਆ
ਪ੍ਰਕਾਸ਼ਨਾਂ ਵਿਚ, ਕੋਠਿਆਂ ਵਿਚ
ਦਫ਼ਤਰਾਂ ਤੇ ਥਾਣਿਆਂ ਵਿਚ
ਅਤੇ ਮੈਂ ਦੇਖਿਆ ਇਹ ਕੋਝ ਦੀ ਨਦੀ
ਦਿਲੀ ਦੇ ਗੋਲ ਪਰਬਤ ਵਿਚੋਂ ਸਿੰਮਦੀ ਹੈ
ਅਤੇ ਉਸ ਗੋਲ ਪਰਬਤ ਵਿਚ ਸੁਰਾਖ ਕਰਨ ਲਈ
ਮੈਂ ਕੋਝ ਵਿਚ ਵੜਿਆ,
ਕੋਝ ਸੰਗ ਲੜਿਆ,
ਤੇ ਕਈ ਲਹੂ-ਲੁਹਾਣ ਵਰ੍ਹਿਆਂ ਕੋਲੋਂ ਲੰਘਿਆ
ਤੇ ਹੁਣ ਮੈਂ ਚਿਹਰੇ ਉਤੇ ਯੁੱਧ ਦੇ ਨਿਸ਼ਾਨ ਲੈ ਕੇ
ਦੋ ਘੜੀ ਲਈ ਪਿੰਡ ਆਇਆ ਹਾਂ।

(*ਲੋਹ ਕਥਾ*)

**1.6.2** ਨਕਸਲਵਾਦੀ ਕਵਿਤਾ ਪੰਜਾਬੀ ਸਭਿਆਚਾਰ ਨਾਲ ਜੁੜੇ ਹੋਏ ਪ੍ਰਾਕ੍ਰਿਤਿੱਕ, ਭੂਗੋਲਕ ਅਤੇ ਇਤਿਹਾਸਕ ਵੇਰਵਿਆਂ ਨੂੰ ਨਵੀਂ ਵਿਉਂਤਬੰਦੀ ਦੁਆਰਾ ਪੇਸ਼ ਕਰਦੀ ਹੈ। ਇਸ ਧਾਰਾ ਦੇ ਕਵੀ ਪ੍ਰਾਕ੍ਰਿਤਿੱਕ ਅਤੇ ਸਭਿਆਚਾਰਕ ਵੇਰਵਿਆਂ ਦਾ ਸੰਗ੍ਰਹਿ ਮਾਤਰ ਹੀ ਨਹੀਂ ਕਰਦੇ ਬਲਕਿ ਇਨ੍ਹਾਂ ਨੂੰ ਅਜੋਕੇ ਮਨੁੱਖ ਦੀ ਸਮਾਜਿਕ ਰਾਜਨੀਤਕ ਚੇਤਨਾ ਦੀ ਗਵਾਹੀ ਵਜੋਂ ਪੇਸ਼ ਕਰਦੇ ਹਨ। ਇਸ ਤਰ੍ਹਾਂ ਇਹ ਕਵਿਤਾ ਇਕ ਨਵੀਂ ਪ੍ਰਕਾਰ ਦੇ ਸੁਹਜ-ਸ਼ਾਸਤਰ ਦੀ ਰਚਨਾ ਕਰਦੀ ਹੈ। ਇਸ ਪ੍ਰਸੰਗ ਵਿਚ ਪਾਸ਼ ਦੀ ਇਕ ਕਵਿਤਾ ਵੇਖੋ :

ਟਪੂੰ ਟਪੂੰ ਦੀ ਉਮਰੇ
ਜੋ ਹਲ ਮਗਰ ਫਿਰ ਫਿਰ ਕੇ
ਤੁਸੀਂ ਖੁੱਚਾਂ ਦਾ ਧੰਧਾ ਸਾਰ ਲੈਂਦੇ ਹੋ
ਤੇ ਕੂਲੇ ਸੁਫ਼ਨਿਆਂ ਨੂੰ
ਮੁਸ਼ਕੇ ਹੋਏ ਕੁੜਤੇ ਦੇ ਨਾਲ
ਵਾੜ ਉਤੇ ਟੰਗ ਛੱਡਦੇ ਹੋ
ਕੌਣ ਲਾ ਸਕਦੈ ਤੁਹਾਡੀ ਜੀਭ ਨੂੰ ਤਾਲਾ
ਤੁਸੀਂ ਤਾਂ ਚਿੰਘਾੜੋਗੇ ਦਾਰੂ ਦੀ ਘੁੱਟ ਪੀ ਕੇ
ਤੁਸੀਂ ਨੰਗੇਜ ਕੱਢ ਦੇਵੋਗੇ ਸ਼ਬਦਾਂ 'ਚੋਂ
ਤੁਸੀਂ ਜਾ ਟਪਕੋਗੇ ਰਾਜੇ ਰਾਣੀ ਦੀ ਬਾਤ ਵਿਚ
ਫੁੱਲਾਂ ਦੇ ਭਾਰ ਤੁਲਦੀ ਉਸ ਰਾਜੇ ਦੀ ਬੇਟੀ ਨੂੰ
ਡਾਂਗ ਅੱਗੇ ਲਾ ਕੇ ਹੱਕਣ ਲਈ
ਜੋ ਹੋਣੀਆਂ ਨਾਲ ਘੁਲਣ ਦੀਆਂ ਰੱਖਦੀ ਹੈ ਸ਼ਰਤਾਂ
ਕੇਵਲ ਚਾਰ ਭਵਾਟਣੀਆਂ ਬਦਲੇ।

(*ਉੱਡਦੇ ਬਾਜਾਂ ਮਗਰ*)

**1.6.3** ਨਕਸਲਵਾਦੀ ਕਵਿਤਾ ਵਿਚ ਸਮਾਜਿਕ ਰਿਸ਼ਤਿਆਂ ਨੂੰ ਵੀ ਸ਼ਾਸਕ-ਸ਼ੋਸ਼ਕ ਦੇ ਹਵਾਲੇ ਨਾਲ ਵੇਖਿਆ ਗਿਆ ਹੈ। ਜਾਗੀਰਦਾਰੀ ਸਮਾਜ ਵਿਚਲੇ ਪਰਿਵਾਰਿਕ ਰਿਸ਼ਤੇ ਹੀ ਅੱਗੇ ਜਾ ਕੇ ਰਾਜਨੀਤਿੱਕ ਅਤੇ ਪ੍ਰਸ਼ਾਸਕੀ ਰਿਸ਼ਤਿਆਂ ਦੀ ਆਧਾਰ-ਸ਼ਿਲਾ ਬਣਦੇ ਹਨ। ਸੋ ਜਿਸ ਸਮਾਜਿਕ ਪ੍ਰਬੰਧ ਵਿਚ ਪਰਿਵਾਰਕ ਰਿਸ਼ਤੇ ਹੀ ਮਨੁੱਖ ਦੀ ਆਜ਼ਾਦੀ ਉੱਤੇ ਬੰਧਨ ਲਗਾਉਂਦੇ ਹਨ। ਉਥੇ ਰਾਜਾ-ਪਰਜਾ ਵਿਚਲੇ ਰਿਸ਼ਤੇ ਵੀ ਸ਼ੋਸ਼ਣ ਦੇ ਆਧਾਰ ਉੱਤੇ ਟਿਕੇ ਰਹਿੰਦੇ ਹਨ। ਨਕਸਲਵਾਦੀ ਕਵੀ ਪਰਿਵਾਰਿਕ ਰਿਸ਼ਤਿਆਂ ਦੀ ਬੁਨਿਆਦ ਵਿਚ ਕਰਮਸ਼ੀਲ ਸ਼ੋਸ਼ਣ ਦੀਆਂ ਰਵਾਇਤਾਂ ਉਪਰ ਵੀ ਪ੍ਰਕਾਸ਼ ਪਾਉਂਦੇ ਹਨ ਤਾਂ ਜੋ ਪਾਠਕ ਨੂੰ ਰਾਜਨੀਤਿੱਕ ਪ੍ਰਸੰਗ ਵਿਚ ਹੋ ਰਹੇ ਸ਼ੋਸ਼ਣ ਦੀ ਸਮਝ ਆ ਜਾਵੇ। ਦੇਖੋ :

ਮੇਰੀ ਮਾਂ ਨੇ
ਸਿਰਫ਼ ਇਕ ਦਿਨ -
ਘਿਉ ਦੁੱਧ ਨੂੰ ਤਾਲਾ ਲਾਇਆ ਸੀ

ਮੈਂ ਮਾਂ ਦਾ ਬੂਥਾ ਤੱਕ ਨੋਚਣ ਗਿਆ ਸੀ
ਤੇ ਤੂੰ ਭਾਰਤ ਮਾਤਾ -
ਹਰ ਸ਼ੈ ਨੂੰ ਹੀ ਤਾਲਾ ਲਾ ਰਖਿਆ ਹੈ
ਤੂੰ ਗੁਦਾਮਾਂ ਦੇ ਤਾਲੇ
ਕਦ ਖੋਲ੍ਹਣੇ ਹਨ ?
ਤੂੰ ਚਾਬੀਆਂ ਕਦ ਤੇ ਕਿਵੇ ਦੇਣੀਆਂ ਹਨ ?
ਕੀ ਮੈਂ ਤੇਰੀ ਇਜ਼ਤ ਦਾ ਭਾਂਡਾ
ਵਿਚ ਚੌਰਾਹੇ ਠੀਕਰ-ਠੀਕਰ ਕਰ ਦੇਵਾਂ ?

(ਸੰਤ ਸੰਧੂ, *ਸੀਸ ਤਲੀ 'ਤੇ*)

**1.6.4** ਨਕਸਲਵਾਦੀ ਕਵੀ ਪ੍ਰਾਕ੍ਰਿਤਿੱਕ-ਸਮਾਜਿਕ ਪ੍ਰਬੰਧ ਵਿਚੋਂ ਨਵੇਂ ਅਰਥਾਂ ਦੀ ਤਲਾਸ਼ ਲਈ ਕਈ ਵਾਰ ਬਹੁਤ ਇਕਹਿਰੇ ਅਤੇ ਸਪਾਟ ਵੀ ਹੋ ਜਾਂਦੇ ਹਨ। ਉਹ ਮਨੁੱਖੀ ਰਿਸ਼ਤਿਆਂ ਅਤੇ ਭਾਵਨਾਵਾਂ ਦੇ ਜਟਿਲ ਵਰਤਾਰੇ ਤੋਂ ਬੇਮੁੱਖ ਹੋ ਕੇ ਹਰ ਸਭਿਆਚਾਰਕ ਸੰਸਥਾ ਨੂੰ ਨਕਾਰਣ ਦੇ ਮਾਰਗ ਉੱਤੇ ਚੱਲ ਪੈਂਦੇ ਹਨ। ਇਕ ਪ੍ਰਸੰਗ ਵਿਚ ਡਾ. ਕਰਮਜੀਤ ਸਿੰਘ ਦਾ ਵਿਚਾਰ ਹੈ ਕਿ ਇਕਹਿਰੇ ਅਤੇ ਸਪਾਟ ਰਾਜਨੀਤਿੱਕ ਮਨੋਰਥ ਦੀ ਪ੍ਰੇਰਣਾਵਸ ਹੀ ਜੁਝਾਰ (ਨਕਸਲੀ) ਕਾਵਿਧਾਰਾ ਦੀ ਕਾਵਿ ਸੰਵੇਦਨਾ ਅਰਾਜਕਤਾਵਾਦੀ ਤੇ ਵਿਨਾਸ਼ਕਾਰੀ ਜੋਸ਼ ਵਿਚ ਆਤੰਕਵਾਦ ਦਾ ਵਾਤਾਵਰਣ ਸਿਰਜਦੀ ਹੈ। ਆਤੰਕਵਾਦੀ ਵਿਚਾਰਧਾਰਾ ਰੋਹ ਦੀ ਵਿਅਕਤੀਗਤ ਅੰਤਰਮੁਖਤਾ ਵਿਚ ਸਮੁੱਚੇ ਯਥਾਰਥ ਨੂੰ ਵਿਨਾਸ਼ਕਾਰੀ ਟੇਢ ਨਾਲ ਵੇਖਦੀ ਹੈ। ਰੋਹ ਦੀ ਤੀਬਰਤਾ ਵਿਚ ਥੀਸਿਜ਼ ਨੂੰ ਸਮੁੱਚੇ ਰੂਪ ਵਿਚ ਰੱਦ ਕਰ ਦੇਣਾ, ਯੋਗ ਇਤਿਹਾਸਕ ਦ੍ਰਿਸ਼ਟੀ ਦਾ ਪ੍ਰਮਾਣ ਨਹੀਂ ਹੋ ਸਕਦਾ। ਥੀਸਿਜ਼ ਸਾਰੇ ਦਾ ਸਾਰਾ ਗਲਤ ਨਹੀਂ ਹੁੰਦਾ। ਇਸ ਵਿਚ ਬਹੁਤ ਕੁਝ ਠੀਕ ਵੀ ਹੁੰਦਾ ਹੈ। । ਥੀਸਿਜ਼ ਦਾ ਇਹ ਠੀਕ ਅੰਸ਼ ਹੀ ਬੀਜ ਰੂਪ ਵਿਚ ਹਰ ਇਤਿਹਾਸਕ ਤਬਦੀਲੀ ਦੀ ਪ੍ਰੇਰਣਾ ਅਤੇ ਸ਼ਕਤੀ ਬਣਦਾ ਹੈ। (*ਆਧੁਨਿਕ ਪੰਜਾਬੀ ਕਾਵਿ-ਧਾਰਾਵਾਂ ਦੇ ਵਿਚਾਰਧਾਰਾਈ ਆਧਾਰ,* ਪੰਨਾ 245) ਪਰੰਤੂ ਨਕਸਲਵਾਦੀ ਕਵੀ ਆਪਣੇ ਪ੍ਰਚੰਡ ਰੋਹ ਦੀ ਅਗਨੀ ਵਿਚ ਸਮਕਾਲੀ ਜੀਵਨ ਦੀ ਸਮੁੱਚੀ ਪ੍ਰਕ੍ਰਿਆ ਨੂੰ ਹੀ ਭਸਮ ਕਰਨ ਦੇ ਰਾਹ ਉੱਤੇ ਚੱਲ ਨਿਕਲਦੇ ਹਨ। ਇਸ ਤਰ੍ਹਾਂ ਕਾਵਿ-ਸੰਵੇਦਨਾ ਦੀ ਸਹਿਜ ਸੁਭਾਵਿਕਤਾ ਗੁੰਮ ਹੋ ਜਾਂਦੀ ਹੈ।

### 1.7.1 ਨਵੇਂ ਸੁਹਜ ਸ਼ਾਸਤਰ ਦੀ ਤਲਾਸ਼

ਪੰਜਾਬੀ ਨਕਸਲਵਾਦੀ ਕਵਿਤਾ ਇਕ ਨਵੇਂ ਸੁਹਜ ਸ਼ਾਸਤਰ ਦੀ ਤਲਾਸ਼ ਲਈ ਰੁਚਿਤ ਦਿਖਾਈ ਦਿੰਦੀ ਹੈ। ਇਸ ਧਾਰਾ ਨਾਲ ਜੁੜੇ ਹੋਏ ਕਵੀ ਕਿਸੇ ਰਸਮੀ ਜਾਂ ਕੋਮਲ ਭਾਸ਼ਾ ਦਾ ਪ੍ਰਯੋਗ ਕਰਨ ਦੀ ਬਜਾਇ ਪੰਜਾਬ ਦੇ ਪਿੰਡਾਂ ਅਤੇ ਕਸਬਿਆਂ ਵਿਚ ਸੰਵਾਦ ਰਚਾਉਣ ਲਈ ਨਿਤ ਵਰਤੀ ਜਾਂਦੀ ਅੱਖੜ ਭਾਸ਼ਾ ਅਤੇ ਇਸ ਦੇ ਮੁਹਾਵਰਿਆਂ ਦਾ ਪ੍ਰਯੋਗ ਕਰਦੇ ਹਨ। ਸਥਾਪਤੀ ਪ੍ਰਤੀ ਆਪਣੀ ਖਿੱਝ ਅਤੇ ਗੁੱਸੇ ਨੂੰ ਪ੍ਰਗਟਾਉਣ ਲਈ ਪੰਜਾਬੀ ਲੋਕ ਗਾਲ੍ਹੀ-ਗਲੋਚ ਦੀ ਭਾਸ਼ਾ ਵਰਤਣ ਤੋਂ ਵੀ ਸੰਕੋਚ ਨਹੀਂ ਕਰਦੇ, ਜਿਸ ਨੂੰ ਇਕ ਸਰੀਫ਼ ਮੱਧਵਰਗੀ ਵਿਅਕਤੀ ਉਚਿਤ ਨਹੀਂ ਸਮਝਦਾ। ਪਰੰਤੂ ਨਕਸਲਵਾਦੀ ਕਵੀ ਮੱਧਵਰਗੀ ਵਿਅਕਤੀ ਦਾ ਧਾਰਨ ਕੀਤਾ ਹੋਇਆ ਸਰਾਫ਼ਤ ਦਾ ਮੁਖੌਟਾ ਪਾੜ ਦੇਣਾ ਚਾਹੁੰਦੇ ਹਨ, ਕਿਉਂਕਿ ਜਿੰਨੀ ਦੇਰ ਤੱਕ ਉਹ ਆਪਣੇ ਆਸ-ਪਾਸ ਫ਼ੈਲੇ ਹੋਏ ਯਥਾਰਥ ਨੂੰ ਨੰਗੀਆਂ ਅੱਖਾਂ ਨਾਲ ਨਹੀਂ ਵੇਖ ਲੈਂਦਾ, ਉੰਨੀ ਦੇਰ ਤੱਕ ਉਸ ਦੇ ਮਨ ਵਿਚ ਇਸ ਨੂੰ ਬਦਲਣ ਦੀ ਇੱਛਾ ਪੈਦਾ ਨਹੀਂ ਹੋ ਸਕਦੀ। ਪਾਸ਼, ਸੰਤ ਸੰਧੂ ਅਤੇ ਸੰਤ ਰਾਮ ਉਦਾਸੀ ਵਰਗੇ ਕਵੀ ਰੋਜ਼-ਮਰ੍ਹਾ ਦੇ ਜੀਵਨ ਵਿਚ ਵਰਤੀ ਜਾਣ ਵਾਲੀ ਕੁਰੱਖਤ ਅਤੇ ਅੱਖੜ ਭਾਸ਼ਾ ਦਾ ਪ੍ਰਯੋਗ ਕਰਦੇ ਹਨ। ਦੇਖੋ :

ਇਹ ਇੰਦਰਾ ਜਿਸ ਨੇ ਤੈਨੂੰ ਮੌਤ ਦਾ ਪੈਗਾਮ ਘੱਲਿਆ
ਸਵਿਟਜ਼ਰਲੈਂਡ ਵਿਚ ਜਨਮੀ ਹੋਈ ਲੰਡਨ ਦੀ ਬੇਟੀ ਹੈ
ਇਹਦੀ ਸਾੜ੍ਹੀ 'ਚ ਡਾਲਰ ਹੈ, ਇਹਦੀ ਅੰਗੀ 'ਚ ਰੂਬਲ ਹੈ
ਇਹਨੂੰ ਮੇਰੇ ਦੇਸ਼ ਦੀ ਕਹਿਣਾ, ਮੇਰੀ ਧਰਤੀ ਦੀ ਹੇਠੀ ਹੈ।

(*ਲੰਕਾ ਦੇ ਇਨਕਲਾਬੀਆਂ ਨੂੰ* )

**1.7.2** ਕਾਵਿ-ਰੂਪਾਂ ਅਤੇ ਕਾਵਿ-ਵਿਧੀਆਂ ਦੀ ਦ੍ਰਿਸ਼ਟੀ ਤੋਂ ਵੀ ਨਕਸਲਵਾਦੀ ਕਵੀਆਂ ਨੇ ਪੰਜਾਬੀ ਕਵਿਤਾ ਨੂੰ ਇਕ ਨਵਾਂ ਵਿਸਤਾਰ ਦਿੱਤਾ ਹੈ। ਬੇਸ਼ਕ ਵਧੇਰੇ ਕਵੀਆਂ ਨੇ ਮੁਕਤ ਛੰਦ ਵਿਚ ਲਿਖੀ ਹੋਈ ਸੰਬੋਧਨਮਈ ਕਵਿਤਾ ਨੂੰ ਹੀ ਆਪਣੇ ਭਾਵਾਂ ਦਾ ਮਾਧਿਅਮ ਬਣਾਇਆ ਹੈ, ਪਰੰਤੂ ਸੰਤ ਰਾਮ ਉਦਾਸੀ ਅਤੇ ਲਾਲ ਸਿੰਘ ਦਿਲ ਵਰਗੇ ਕਵੀਆਂ ਦੇ ਰੋਹ ਅਤੇ ਆਕ੍ਰੋਸ਼ ਨੂੰ ਇਹ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਕਾਸ਼ਮਾਨ ਕਰਦੀਆਂ ਹਨ, ਉੱਥੇ ਛੰਦ-ਬੱਧ ਕਵਿਤਾਵਾਂ ਵਿਚ ਵੀ ਮਨੁੱਖੀ ਜੀਵਨ

ਦੇ ਦਰਦ ਅਤੇ ਕਰੁਣਾ ਦੀ ਪੇਸ਼ਕਾਰੀ ਦੇ ਮਾਰਮਿਕ ਚਿੱਤਰ ਵੇਖੇ ਜਾ ਸਕਦੇ ਹਨ। ਪਾਸ਼ ਨੇ ਵੀ ਕਿਧਰੇ-ਕਿਧਰੇ ਛੰਦ-ਬੱਧ ਕਵਿਤਾ ਦੀ ਰਚਨਾ ਕੀਤੀ ਹੈ। ਦੇਖੋ :

ਸੋਨੇ ਦੀ ਸਵੇਰ ਜਦੋਂ ਆਊ ਹਾਣੀਆਂ।
ਨੱਚੇਗਾ ਅੰਬਰ ਭੂਮੀ ਗਾਊ ਹਾਣੀਆਂ।
ਰੋਲੂ ਨਾ ਕੋਈ ਪੈਰੀਂ ਸੱਧਰਾਂ ਕੁਆਰੀਆਂ।
ਦਿਲ 'ਤੇ ਗਰੀਬ ਦੇ ਨਾ ਫੇਰੂ ਆਰੀਆਂ।
ਡਰੂ ਨਾ ਕੋਈ ਕਿਸੇ ਨੂੰ ਡਰਾਊ ਹਾਣੀਆਂ
ਸੋਨੇ ਦੀ ਸਵੇਰ ਜਦੋਂ ਆਊ ਹਾਣੀਆਂ।

(*ਉੱਡਦੇ ਬਾਜਾਂ ਮਗਰੇ*)

### 1.8.1 ਨਿਸ਼ਕਰਸ਼

ਨਕਸਲਵਾਦੀ ਕਵਿਤਾ ਪੰਜਾਬ ਵਿਚ ਪੈਦਾ ਹੋਈ ਨਕਸਲਵਾੜੀ ਲਹਿਰ ਦਾ ਇਕ ਸੁਭਾਵਿਕ ਪ੍ਰਤੀਕਰਮ ਸੀ। ਪੰਜਾਬ ਵਿਚ ਇਹ ਲਹਿਰ 1968-69 ਵਿਚ ਪੈਦਾ ਹੋਈ। ਮਈ 1967 ਵਿਚ ਨਕਸਲਵਾੜੀ ਲਹਿਰ ਉੱਠਣ ਦੀ ਘਟਨਾ ਵਾਪਰੀ ਸੀ। 1969 ਵਿਚ ਮਾਰਕਸਵਾਦੀ-ਲੈਨਿਨਵਾਦੀ ਪਾਰਟੀ ਦੀ ਸਥਾਪਨਾ ਹੋਈ। ਇਸੇ ਵਰ੍ਹੇ ਹੀ ਪਾਸ਼ ਵਰਗੇ ਨਕਸਲਬਾੜੀ ਇਨਕਲਾਬੀਆਂ ਨਾਲ ਨਜਿੱਠਣ ਲਈ ਪੁਲਿਸ ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ ਗਈ। ਇਸ ਤੋਂ ਪਿਛੋਂ ਛੇ-ਸੱਤ ਵਰ੍ਹੇ ਤੱਕ ਨਕਸਲਬਾੜੀਆਂ ਨੂੰ ਥਾਂ-ਥਾਂ ਤੇ ਪੁਲਿਸ ਮੁਕਾਬਲੇ ਬਣਾ ਕੇ ਮਾਰਿਆ ਗਿਆ। ਪਾਸ਼, ਲਾਲ ਸਿੰਘ ਦਿਲ, ਦਰਸ਼ਨ ਖਟਕੜ ਅਤੇ ਸੰਤ ਰਾਮ ਉਦਾਸੀ ਵਰਗੇ ਕਵੀ, ਨਕਸਲਵਾਦੀ ਲਹਿਰ ਦਾ ਭਰਪੂਰ ਸਮਰਥਨ ਕਰਦੇ ਰਹੇ। ਪਰੰਤੂ ਪੰਜਾਬ ਵਿਚ ਇਸ ਲਹਿਰ ਦੇ ਮੌਲਣ ਅਤੇ ਵਿਗਸਣ ਲਈ ਕੋਈ ਵਿਆਪਕ ਆਧਾਰ ਨਹੀਂ ਸੀ। ਕੇਵਲ ਵਿਅਕਤੀਗਤ ਵਿਦਰੋਹਾਂ ਦੇ ਸਦਕਾ ਇਨਕਲਾਬ ਨਹੀਂ ਲਿਆਏ ਜਾ ਸਕਦੇ। ਇਸ ਕਾਰਨ 1977-78 ਤੱਕ ਪਹੁੰਚਦੇ-ਪਹੁੰਚਦੇ ਇਹ ਲਹਿਰ ਦਮ ਤੋੜ ਗਈ। ਪਰੰਤੂ ਪੰਜਾਬੀ ਕਵਿਤਾ ਵਿਚ ਆਈ ਵਿਸ਼ੇ-ਵਸਤੂ ਦੀ ਖੜੋਤ ਅਤੇ ਬ੍ਰਿਤਾਂਤ ਵਿਧੀਆਂ ਦੇ ਜਮੂਦ ਨੂੰ ਤੋੜਨ ਵਿਚ ਇਸ ਕਾਵਿ-ਧਾਰਾ ਨੇ ਭਰਪੂਰ ਯੋਗਦਾਨ ਪਾਇਆ। ਪ੍ਰਯੋਗਵਾਦੀ ਕਾਵਿ-ਧਾਰਾ ਦੇ ਪ੍ਰਤੀਗਾਮੀ ਸਰੂਪ ਨੂੰ ਝੰਜੋੜਨ ਵਿਚ ਵੀ ਨਕਸਲਵਾਦੀ ਕਾਵਿ-ਧਾਰਾ ਪੂਰੀ ਤਰ੍ਹਾਂ ਸਫ਼ਲ ਰਹੀ। ਪਾਸ਼, ਲਾਲ ਸਿੰਘ ਦਿਲ, ਸੰਤ ਰਾਮ ਉਦਾਸੀ ਅਤੇ ਅਮਰਜੀਤ ਚੰਦਨ ਵਰਗੇ ਕਵੀਆਂ ਨੇ ਇਸ ਲਹਿਰ ਨਾਲ ਜੁੜ ਕੇ ਹੀ ਪੰਜਾਬੀ ਕਾਵਿ ਦੇ ਇਤਿਹਾਸ ਵਿਚ ਆਪਣਾ ਸਥਾਨ ਬਣਾਇਆ ਹੈ।

## ਸਹਾਇਕ ਪੁਸਤਕਾਵਲੀ


1. ਸੁਹੇਲ ਸਿੰਘ, *ਨਕਸਲਵਾਦ ਦਾ ਹਕੀਕੀ ਚਿਹਰਾ,* ਜਨਤਾ ਪ੍ਰਕਾਸ਼ਨ, ਜਲੰਧਰ, 1975.
2. ਕੇਸਰ ਸਿੰਘ ਕੇਸਰ, ਡਾ., *ਪ੍ਰਗਤੀਵਾਦੀ ਵਿਚਾਰਧਾਰਾ ਤੇ ਪੰਜਾਬੀ ਕਵਿਤਾ,* ਆਕੀ ਪ੍ਰਕਾਸ਼ਨ, ਚੰਡੀਗੜ੍ਹ, 1987.
3. ਗੁਰਬਚਨ ਸਿੰਘ, *ਚਿਹਨ, ਸੰਰਚਨਾ ਤੇ ਮਾਰਕਸਵਾਦ,* ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1985.
4. ਸਤਿੰਦਰ ਸਿੰਘ ਨੂਰ, ਡਾ., *ਨਵੀਂ ਕਵਿਤਾ : ਸੀਮਾ ਤੇ ਸੰਭਾਵਨਾ,* ਵਿਦਵਾਨ ਪ੍ਰਕਾਸ਼ਨ, ਅੰਬਾਲਾ ਛਾਉਣੀ, 1972.
5. ਰਵਿੰਦਰ ਰਵੀ, *ਵਿਰਸਾ ਅਤੇ ਵਰਤਮਾਨ,* ਪੰਜਾਬ ਪ੍ਰਕਾਸ਼ਨ, ਚੰਡੀਗੜ੍ਹ, 1986.
6. J.C. Johri, *Naxalite Politics in India,* Research Publication, Delhi, 1972.
7. C.S. Sangherea, *Naxalism in India,* Radiant Publishers, New Delhi, 1986.


## ਅਭਿਆਸ ਲਈ ਪ੍ਰਸ਼ਨ

1. ਪੰਜਾਬੀ ਵਿਚ ਰਚੀ ਗਈ ਨਕਸਲਵਾਦੀ ਕਵਿਤਾ ਦਾ ਸੰਖੇਪ ਇਤਿਹਾਸ ਲਿਖੋ।
2. ਨਕਸਲਵਾਦੀ ਕਵਿਤਾ ਨੂੰ ਹੋਰ ਕਿਹੜੇ-ਕਿਹੜੇ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ? ਤੁਸੀਂ ਇਨ੍ਹਾਂ ਵਿਚੋਂ ਸਭ ਤੋਂ ਢੁੱਕਵਾਂ ਨਾਮ ਕਿਸ ਨੂੰ ਸਮਝਦੇ ਹੋ ?
3. ਨਕਸਲਵਾਦੀ ਕਵਿਤਾ ਦਾ ਵਿਸ਼ੇ-ਵਸਤੂ ਦੀ ਦ੍ਰਿਸ਼ਟੀ ਤੋਂ ਵਿਸ਼ਲੇਸ਼ਣ ਕਰੋ।
4. ਪ੍ਰਗਤੀਵਾਦੀ ਪੰਜਾਬੀ ਕਵਿਤਾ ਅਤੇ ਨਕਸਲਵਾਦੀ ਪੰਜਾਬੀ ਕਵਿਤਾ ਦਾ ਵਿਸ਼ੇ-ਵਸਤੂ ਅਤੇ ਪ੍ਰਗਟਾਉ-ਵਿਧੀਆਂ ਦੀ ਦ੍ਰਿਸ਼ਟੀ ਤੋਂ ਤੁਲਨਾਤਮਕ ਅਧਿਐਨ ਕਰੋ।

ਪਾਠ ਨੰਬਰ : 2.2 ਲੇਖਕ : ਪ੍ਰੋ. ਬ੍ਰਹਮ ਜਗਦੀਸ਼ ਸਿੰਘ

# 'ਮੈਂ ਹੁਣ ਵਿਦਾ ਹੰਦਾ ਹਾਂ' (ਸੰਪਾ. ਰਾਜਿੰਦਰ ਪਾਲ ਸਿੰਘ) ਦਾ ਵਿਸ਼ਾ ਪੱਖ ਅਤੇ ਪ੍ਰਮੁੱਖ ਸਰੋਕਾਰ

## 1.1 ਮੰਤਵ

ਇਸ ਪਾਠ ਦੇ ਮਾਧਿਅਮ ਦੁਆਰਾ ਪੰਜਾਬੀ ਦੇ ਪ੍ਰਸਿੱਧ ਨਵਪ੍ਰਗਤੀਵਾਦੀ ਕਵੀ ਪਾਸ਼ ਦੇ ਕਾਵਿ ਵਿਚ ਲਏ ਗਏ ਪ੍ਰਮੁੱਖ ਵਿਸ਼ਿਆਂ ਦਾ ਵਰਗੀਕਰਨ ਅਤੇ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ। ਪਾਸ਼ 1970 ਈ. ਤੋਂ ਬਾਅਦ ਰਚੀ ਗਈ ਪੰਜਾਬੀ ਕਵਿਤਾ ਦਾ ਇਕ ਪ੍ਰਮੁੱਖ ਅਤੇ ਪ੍ਰਮਾਣਿਕ ਹਸਤਾਖਰ ਸੀ। ਉਸ ਨੇ ਪੂੰਜੀਵਾਦ ਨਿਜ਼ਾਮ ਦੇ ਉਲਾਰਾਂ ਅਤੇ ਵਿਗਾੜਾਂ ਉੱਤੇ ਬੜੀ ਸ਼ਿੱਦਤ ਨਾਲ ਉਂਗਲ ਰੱਖੀ ਸੀ। ਉਸ ਦੀਆਂ ਕਵਿਤਾਵਾਂ ਵਿਚਲੇ ਵਿਸ਼ੇ ਭਾਰਤੀ ਅਤੇ ਵਿਸ਼ੇਸ਼ ਕਰ ਪੰਜਾਬ ਦੇ ਪਰਿਵੇਸ਼ ਵਿਚ ਜਾਗੀਰਦਾਰੀ ਅਤੇ ਪੂੰਜੀਵਾਦੀ ਨਿਜ਼ਾਮ ਦੀ ਅਸਲੀਅਤ ਨੂੰ ਉਘਾੜਦੇ ਹਨ। ਇਸ ਪਾਠ ਦੇ ਮਾਧਿਅਮ ਦੁਆਰਾ ਇਹ ਦੱਸਣ ਦੀ ਚੇਸ਼ਟਾ ਕੀਤੀ ਜਾ ਰਹੀ ਹੈ ਕਿ ਨਕਸਲਵਾਦੀ ਲਹਿਰ ਨਾਲ ਜੁੜੇ ਪੰਜਾਬੀ ਦੇ ਨਵਪ੍ਰਗਤੀਵਾਦੀ ਕਵੀਆਂ ਦੇ ਪ੍ਰਮੁੱਖ ਸਰੋਕਾਰ ਕੀ ਸਨ ਅਤੇ ਉਹ ਕਵਿਤਾ ਦੇ ਮਾਧਿਅਮ ਦੁਆਰਾ ਸਮਾਜਿਕ ਅਤੇ ਰਾਜਨੀਤਿੱਕ ਕ੍ਰਾਂਤੀ ਲਿਆਉਣ ਲਈ ਇਕ ਤਰ੍ਹਾਂ ਦੇ ਖਾਸ ਵਿਸ਼ਿਆਂ ਨੂੰ ਪੇਸ਼ ਕਰ ਰਹੇ ਸਨ। ਇਹ ਪਾਠ ਵਿਦਿਆਰਥੀਆਂ ਨੂੰ ਪਾਸ਼-ਕਾਵਿ ਦੀ ਵਸਤੂ-ਸਾਮੱਗਰੀ ਸਬੰਧੀ ਸਿੱਧੀ ਅਤੇ ਸਪੱਸ਼ਟ ਜਾਣਕਾਰੀ ਪ੍ਰਦਾਨ ਕਰੇਗਾ।

## 1.2 ਰੂਪ-ਰੇਖਾ

ਇਸ ਪਾਠ ਵਿਚ ਪਾਸ਼ ਦੀਆਂ ਕਵਿਤਾਵਾਂ ਨੂੰ ਆਧਾਰ ਬਣਾ ਕੇ ਵਿਸ਼ੇ-ਵਸਤੂ ਦਾ ਵਰਗੀਕਰਨ ਕੀਤਾ ਜਾ ਰਿਹਾ ਹੈ। ਪਾਸ਼ ਆਪਣੇ ਕਾਵਿ-ਕਰਮ ਦੇ ਦੌਰਾਨ ਕੇਵਲ ਵਿਸ਼ੇ-ਵਸਤੂ ਦੀ ਪ੍ਰਸਤੁਤੀ ਤੱਕ ਹੀ ਸੀਮਿਤ ਨਹੀਂ ਰਹਿੰਦਾ, ਬਲਕਿ ਅਜੋਕੇ ਸਮਾਜਿਕ-ਸਭਿਆਚਾਰਕ ਪ੍ਰਸੰਗ ਵਿਚ ਇਕ ਪ੍ਰਮਾਣਿਕ ਕਵੀ ਦੀ ਭੂਮਿਕਾ ਨੂੰ ਵੀ ਰੇਖਾਂਕਿਤ ਕਰਦਾ ਹੈ। ਉਸ ਦਾ ਵਿਚਾਰ ਹੈ ਕਿ ਕਵੀ ਦਾ ਕਰਤੱਵ ਕੇਵਲ ਇੱਥੋਂ ਤੱਕ ਹੀ ਸਮਾਪਤ ਨਹੀਂ ਹੋ ਜਾਂਦਾ ਕਿ ਮੌਜੂਦਾ ਪਰਿਵੇਸ਼ ਕਿਹੋ ਜਿਹਾ ਹੈ ਬਲਕਿ ਕਵੀ ਨੂੰ ਇਹ ਵੀ ਦੱਸਣਾ ਚਾਹੀਦਾ ਹੈ ਕਿ ਇਸ ਪਰਿਵੇਸ਼ ਨੂੰ ਬਦਲਿਆ ਕਿਵੇਂ ਜਾ ਸਕਦਾ ਹੈ? ਜਿਵੇਂ ਮਾਰਕਸ ਨੇ ਕਿਹਾ ਸੀ ਕਿ ਉਸ ਤੋਂ ਪਹਿਲਾਂ ਦੇ ਚਿੰਤਕ ਦੁਨੀਆਂ ਦੇ ਵੇਰਵੇ ਪੇਸ਼ ਕਰਦੇ ਸਨ, ਜਦੋਂ ਕਿ ਜ਼ਰੂਰਤ ਇਸ ਗੱਲ ਦੀ ਸੀ ਕਿ ਇਨ੍ਹਾਂ ਦੁਨਿਆਵੀ ਵੇਰਵਿਆਂ ਨੂੰ ਬਦਲਿਆ ਕਿਵੇਂ ਜਾਵੇ। ਪਾਸ਼ ਦੀਆਂ ਕਵਿਤਾਵਾਂ ਦੇ ਵਿਸ਼ੇ-ਵਸਤੂ ਦਾ ਵਿਸ਼ਲੇਸ਼ਣ ਕਰਦਿਆਂ ਹੋਇਆਂ ਅਸੀਂ ਉਸ ਦੀ ਇਨਕਲਾਬੀ ਰੁਚੀ ਵੱਲ ਆਪਣੇ ਪਾਠਕਾਂ ਦਾ ਧਿਆਨ ਆਕ੍ਰਸ਼ਿਤ ਕਰਾਂਗੇ।

### 1.3.1 ਵਿਸ਼ੇ-ਵਸਤੂ ਅਤੇ ਪ੍ਰਮੁੱਖ ਸਰੋਕਾਰ

ਪਾਸ਼ ਨਕਸਲਵਾਦੀ ਵਿਚਾਰਧਾਰਾ ਨਾਲ ਜੁੜਿਆ ਹੋਇਆ ਸੀ। ਇਸ ਵਿਚਾਰਧਾਰਾ ਨਾਲ ਜੁੜੇ ਕਵੀਆਂ ਦੀ ਧਾਰਣਾ ਸੀ ਕਿ ਪਾਰਲੀਮਾਨੀ ਪ੍ਰਬੰਧ ਦੁਆਰਾ ਰਾਜ ਸੱਤਾ ਨੂੰ ਪੂੰਜੀਪਤੀਆਂ ਅਤੇ ਜਾਗੀਰਦਾਰਾਂ ਤੋਂ ਖੋਹ ਕੇ ਗ਼ਰੀਬ ਕਿਸਾਨਾਂ ਅਤੇ ਹੋਰ ਮਜ਼ਲੂਮ ਵਰਗਾਂ ਦੇ ਹਵਾਲੇ ਨਹੀਂ ਕੀਤਾ ਜਾ ਸਕਦਾ। ਰਾਜ ਸੱਤਾ ਵਿਚ ਤਬਦੀਲੀ ਲਿਆਉਣ ਦੀ ਇੱਕੋ-ਇੱਕ ਵਿਧੀ ਹਥਿਆਰਬੰਦ ਇਨਕਲਾਬ ਹੈ ਅਤੇ ਇਹ ਇਨਕਲਾਬ ਕੁਝ ਗਿਣੇ-ਚੁਣੇ ਸਿਰਲੱਥ ਯੋਧੇ, ਗੁਰੀਲਾ ਯੁੱਧ ਦੁਆਰਾ ਲਿਆ ਸਕਦੇ ਹਨ। ਇਸ ਤਰ੍ਹਾਂ ਨਕਸਲਵਾਦੀ ਕਵਿਤਾ ਗੁਰੀਲਾ ਯੁੱਧ, ਬੰਦੂਕ ਦੀ ਗੋਲੀ ਅਤੇ ਪੂੰਜੀਪਤੀਆਂ ਜਾਂ ਸੱਤਾਧਾਰੀਆਂ ਦੇ ਵਿਨਾਸ਼ ਦੀ ਗੱਲ ਕਰਦੀ ਹੈ। ਇਹ ਕਵੀ ਕਿਸਾਨੀ ਜੀਵਨ ਦੀਆਂ ਮੁਸ਼ਕਿਲਾਂ ਅਤੇ ਇਸ ਵਰਗ ਦੀ ਮੰਦਹਾਲੀ ਦਾ ਜ਼ਿਕਰ ਬਹੁਤ ਸ਼ਿੱਦਤ ਨਾਲ ਕਰਦੇ ਹਨ। ਪਾਸ਼ ਦੀਆਂ ਕਵਿਤਾਵਾਂ ਵਿਚ ਗ਼ਰੀਬ ਕਿਰਸਾਨੀ ਦੀਆਂ ਵਿਸੰਗਤੀਆਂ ਦਾ ਜ਼ਿਕਰ ਬੜੇ ਪ੍ਰਭਾਵਸ਼ਾਲੀ ਅੰਦਾਜ਼ ਵਿਚ ਹੋਇਆ ਹੈ, ਜਿਵੇਂ :

ਮੈਂ ਤਾਂ ਜਦ ਵੀ ਕੀਤੀ-ਖਾਦ ਦੇ ਘਾਟੇ
ਕਿਸੇ ਗਰੀਬੜੀ ਦੀ ਹਿੱਕ ਵਾਂਗੂ ਪਿਚਕ ਗਏ ਗੰਨਿਆਂ ਦੀ ਗੱਲ ਹੀ ਕਰਾਂਗਾ।
ਮੈਂ ਦਲਾਨ ਦੇ ਖੂੰਜੇ 'ਚ ਪਈ ਪਈ ਸੌਣੀ ਦੀ ਫ਼ਸਲ
ਤੇ ਦਲਾਨ ਦੇ ਬੂਹੇ ਤੇ ਖੜ੍ਹੇ ਸਿਆਲ ਦੀ ਹੀ ਗੱਲ ਕਰਾਂਗਾ।

ਮੇਰੇ ਤੋਂ ਆਸ ਨਾ ਕਰਿਉ ਕਿ ਮੈਂ ਸਰਦੀ ਦੀ ਰੁੱਤ ਖਿੜਣ ਵਾਲੇ
ਫੁਲਾਂ ਦੀਆਂ ਕਿਸਮਾਂ ਦੇ ਨਾਂ ਤੇ ਪਿੰਡ ਦੀਆਂ ਕੁੜੀਆਂ ਦੇ ਨਾਂ ਕੁਨਾਂ ਧਰਾਂਗਾ।

(*ਇਨਕਾਰ*)

**1.3.2** 'ਮੈਂ ਹੁਣ ਵਿਦਾ ਹੁੰਦਾ ਹਾਂ' ਪਾਸ਼ ਦਾ ਚੋਣਵਾਂ ਕਾਵਿ-ਸੰਗ੍ਰਹਿ ਹੈ। ਉਸ ਦਾ ਸਭ ਤੋਂ ਪਹਿਲਾ ਕਾਵਿ-ਸੰਗ੍ਰਹਿ ਲੋਹ ਕਥਾ, 1970 ਈ. ਵਿਚ ਪ੍ਰਕਾਸ਼ਿਤ ਹੋਇਆ। ਦੂਜਾ ਕਾਵਿ ਸੰਗ੍ਰਹਿ *ਉਡਦੇ ਬਾਜਾਂ ਮਗਰ,* 1974 ਈ. ਵਿਚ ਪ੍ਰਕਾਸ਼ਿਤ ਹੋਇਆ ਅਤੇ ਤੀਜਾ *ਸਾਡੇ ਸਮਿਆਂ ਵਿਚ,* 1978 ਈ. ਵਿਚ ਪ੍ਰਕਾਸ਼ਿਤ ਹੋਇਆ। ਸਮਾਜਿਕ-ਰਾਜਨੀਤਿੱਕ ਇਨਕਲਾਬ ਲਿਆਉਣ ਦੀ ਉਸ ਦੀ ਮੂਲ ਧਾਰਣਾਂ ਤਾਂ ਇਨ੍ਹਾਂ ਤਿੰਨਾਂ ਰਚਨਾਵਾਂ ਵਿਚ ਹੀ ਨਿਰੰਤਰ ਮੌਜੂਦ ਰਹੀ ਹੈ। ਕਵੀ ਦੇ ਆਪਣੇ ਸ਼ਬਦਾਂ ਵਿੱਚ, ''ਮੈਂ ਅਨੁਭਵ ਕੀਤਾ ਹੈ ਕਿ ਪਾਰਟੀਆਂ ਦੀ ਪੈਂਤੜਾਬਾਜ਼ੀ ਨਾਲ ਕਵਿਤਾ ਦੀ ਹੁਨਾੜੀ ਨਹੀਂ ਹੋ ਸਕਦੀ। ..... ਰਾਜਨੀਤਿੱਕ ਸਰਗਰਮੀਆਂ 'ਚੋਂ ਹੱਥ ਖਿੱਚ ਲੈਣ ਨਾਲ ਕੁਦਰਤੀ ਹੀ ਸੀ ਕਿ ਮੇਰੀ ਕਵਿਤਾ ਵਿਚ ਅੰਤਰਮੁਖਤਾ ਵਧ ਜਾਂਦੀ। .... ਪਿਛਲੀਆਂ ਦੋਹਾਂ ਕਿਤਾਬਾਂ ਵਿਚ ਮੇਰੀਆਂ ਲਗਭਗ ਸਾਰੀਆਂ ਕਵਿਤਾਵਾਂ ਲੋਹੇ ਦੀਆਂ ਜ਼ੰਜੀਰਾਂ ਪ੍ਰਤੀ ਮਨੁੱਖ ਦੀ ਅਨੁਭਵਸ਼ੀਲਤਾ ਸੀ। ਐਂਤਕੀ ਇਸ ਕਿਤਾਬ (ਸਾਡੇ ਸਮਿਆਂ ਵਿਚ) ਵਿਚ ਮੇਰੇ ਸਾਰੇ ਅਹਿਸਾਸ ਉਨ੍ਹਾਂ ਅਦਿੱਖ ਜ਼ੰਜੀਰਾਂ ਨਾ ਸਿੱਝਣ ਦਾ ਇਤਿਹਾਸ ਹਨ ਜੋ ਲੋਹੇ ਦੀਆਂ ਨਹੀਂ ਪਰ ਲੋਹਾ ਉਨ੍ਹਾਂ ਦਾ ਹੈ।''

**1.3.3** ਪਾਸ਼ ਦੇ ਕਾਵਿ-ਲੋਕ ਵਿਚ ਆਈ ਇਸ ਨਵੀਂ ਤਬਦੀਲੀ ਬਾਰੇ ਟਿੱਪਣੀ ਕਰਦਾ ਹੋਇਆ ਪ੍ਰੋ. ਪ੍ਰੇਮ ਪਾਲੀ ਲਿਖਦਾ ਹੈ ਕਿ 'ਲੋਹ ਕਥਾ' ਤੋਂ ਲੈ ਕੇ 'ਸਾਡੇ ਸਮਿਆਂ ਵਿਚ' ਤੱਕ ਦੀਆਂ ਸਾਰੀਆਂ ਕਵਿਤਾਵਾਂ ਵਿਚ ਉਹ ਆਪਣੀ ਸਮਾਜਿਕ ਚੇਤਨਾ ਦਾ ਇਜ਼ਹਾਰ ਹੀ ਕਰਦਾ ਹੈ ਅਤੇ ਇਸ ਇਜ਼ਹਾਰ ਨੂੰ ਉਹ ਵੱਖ-ਵੱਖ ਰੂਪਾਂ ਅਤੇ ਵੱਖਰੇ-ਵੱਖਰੇ ਅੰਦਾਜ਼ ਵਿਚ ਸਿਰਜਦਾ ਹੈ। ਉਸ ਨੇ ਆਪਣੀ ਰਚਨਾ ਵਿਚ ਦੋਹਾਂ ਕਿਸਮਾਂ ਦੇ ਅੰਦਾਜ਼ ਦੀ ਵਰਤੋਂ ਕੀਤੀ ਹੈ- ਬਾਹਰਮੁਖੀ ਅੰਦਾਜ਼, ਆਤਮਮੁਖੀ ਅੰਦਾਜ਼। ਪਰ ਇਨ੍ਹਾਂ ਦੋਹਾਂ ਦੇ ਦਰਮਿਆਨ ਕਿਤੇ ਵੀ ਵਿਭਾਜਨ-ਰੇਖਾ ਨਹੀਂ ਖਿੱਚੀ ਜਾ ਸਕਦੀ। ਬਾਹਰਮੁਖੀ ਅੰਦਾਜ਼ ਵਿਚ ਲਿਖਦਾ-ਲਿਖਦਾ ਉਹ ਆਤਮਮੁਖੀ ਅੰਦਾਜ਼ ਵਿਚ ਪ੍ਰਵੇਸ਼ ਕਰ ਜਾਂਦਾ ਹੈ ਅਤੇ ਆਤਮਮੁਖੀ ਅੰਦਾਜ਼ ਵਿਚ ਗੱਲ ਸ਼ੁਰੂ ਕਰਕੇ ਉਹ ਬਾਹਰਮੁਖਤਾ ਵੱਲ ਪਰਤ ਆਉਂਦਾ ਹੈ। ਪਾਸ਼ ਦੀ ਕਵਿਤਾ ਬਾਰੇ ਅਸਲ ਗੱਲ ਇਹ ਹੈ ਕਿ ਉਸ ਦਾ ਆਤਮ, ਬਾਹਰਮੁਖੀ ਸਮਾਜਿਕ ਸੱਚ ਤੋਂ ਟੁੱਟਿਆ ਹੋਇਆ ਨਹੀਂ। (*ਮੈਂ, ਅਸੀਂ ਅਤੇ ਤੁਸੀਂ,* ਪੰਨਾ, 42)।

**1.3.4** ਅਸਲ ਵਿਚ ਪਾਸ਼ ਉਨ੍ਹਾਂ ਅਰਥਾਂ ਵਿਚ ਆਤਮਮੁਖੀ ਨਹੀਂ ਹੈ, ਜਿਨ੍ਹਾਂ ਅਰਥਾਂ ਵਿਚ ਆਤਮਮੁਖਤਾ ਨੂੰ ਲਿਆ ਜਾਂਦਾ ਹੈ। ਸਾਧਾਰਣ ਤੌਰ 'ਤੇ ਆਤਮਮੁਖਤਾ ਤੋਂ ਭਾਵ ਵਿਅਕਤੀ ਦਾ ਆਪਣੇ ਹੀ ਅੰਦਰ ਸੁੰਗੜ ਕੇ ਰਹਿ ਜਾਣਾ ਹੁੰਦਾ ਹੈ। ਉਸ ਦੇ ਸਾਰੇ ਧਿਆਨ ਦਾ ਕੇਂਦਰ ਕੇਵਲ ਉਸਦੀ ਆਪਣੀ 'ਮੈਂ' (ਹਉਮੈ) ਹੁੰਦੀ ਹੈ। ਉਸ ਨੂੰ ਆਪਣੇ ਨਿੱਜ ਦੇ ਦੁੱਖਾਂ-ਦਰਦਾਂ ਦੀ ਪੀੜ ਮਹਿਸੂਸ ਹੁੰਦੀ ਹੈ ਅਤੇ ਉਹ ਆਪਣੀ ਇਸ ਪੀੜ ਵਿਚੋਂ ਆਨੰਦ (masochism) ਪ੍ਰਾਪਤ ਕਰਦਾ ਹੈ। ਜਿਥੋਂ ਤੱਕ ਪਾਸ਼ ਦਾ ਸਬੰਧ ਹੈ, ਇਹ ਤਾਂ ਸਹੀ ਹੈ ਕਿ ਉਸ ਨੇ ਇਸ ਸਮੇਂ ਰਾਜਨੀਤਿਕ ਸਰਗਰਮੀ ਤੋਂ ਕਿਨਾਰਾ ਕਰ ਲਿਆ ਸੀ। ਪਰ ਕੇਵਲ ਇਸੇ ਆਧਾਰ ਤੇ ਇਹ ਕਹਿ ਦੇਣਾ ਕਿ ਉਸ ਵਿਚ ਆਤਮਮੁਖਤਾ ਆ ਗਈ ਹੈ, ਠੀਕ ਨਹੀਂ ਹੋਵੇਗਾ। ਉਪਰੋਕਤ ਨਿਖੇਧਾਤਮਕ ਅਰਥਾਂ ਵਾਲੀ ਆਤਮਮੁਖਤਾ ਉਸ ਦੀ ਸਮੁੱਚੀ ਕਵਿਤਾ ਵਿਚ ਕਿਧਰੇ ਵੀ ਦ੍ਰਿਸ਼ਟੀਗੋਚਰ ਨਹੀਂ ਹੁੰਦੀ। ਆਪਣੀ ਅਤੇ ਆਪਣੇ ਕਾਵਿ-ਸਰੋਕਾਰਾਂ ਦੀ ਪਹਿਚਾਣ ਕਰਵਾਉਂਦਾ ਹੋਇਆ ਉਹ ਇਸ ਤਰ੍ਹਾਂ ਲਿਖਦਾ ਹੈ :

ਮੈਂ ਜੱਟਾਂ ਦੇ ਸਾਧ ਹੋਵਣ ਤੋਂ ਉਰ੍ਹਾਂ ਦਾ ਸਫ਼ਰ ਹਾਂ
ਮੈਂ ਬੁੱਢੇ ਮੋਚੀ ਦੀ ਗੁੰਮੀ ਹੋਈ ਅੱਖਾਂ ਦੀ ਲੋਅ ਹਾਂ
ਮੈਂ ਟੁੰਡੇ ਹੌਲਦਾਰ ਦੇ ਸੱਜੇ ਹੱਥ ਦੀ ਯਾਦ ਹਾਂ ਕੇਵਲ
ਮੈਂ ਪਿੰਡੇ ਵਕਤ ਦੇ ਚੱਪਾਂ ਸਦੀ ਦਾ ਦਾਗ਼ ਹਾਂ ਕੇਵਲ ....
ਮੈਂ ਭਾਂਡੇ ਮਾਂਜਦੀ ਝੀਰੀ ਦੀਆਂ ਉਂਗਲਾਂ 'ਚੋਂ ਸਿੰਮਦਾ ਰਾਗ ਹਾਂ ਕੇਵਲ।

(*ਇਨਕਾਰ*)

**1.3.5** 'ਸਾਡੇ ਸਮਿਆਂ ਵਿਚ' ਦੀਆਂ ਕਵਿਤਾਵਾਂ ਕਵੀ ਦੇ ਯੁੱਧ ਪ੍ਰਤੀ ਲਗਾਉ ਅਤੇ ਆਕ੍ਰਸ਼ਣ ਦੀ ਪੇਸ਼ਕਾਰੀ ਕਰਦੀਆਂ ਹਨ। ਨਕਸਲਵਾਦੀ ਕਵੀਆਂ ਦਾ ਮੱਤ ਹੈ ਕਿ ਮੌਜੂਦਾ ਸਥਿਤੀ ਨੂੰ ਬਦਲਣ ਲਈ ਯੁੱਧ ਤੋਂ ਵਧੇਰੇ ਕਾਰਗਰ ਹੋਰ ਕੋਈ ਸਾਧਨ ਨਹੀਂ ਹੈ। ਪਾਸ਼, ਹੋਰ ਨਕਸਲਵਾਦੀ ਕਵੀਆਂ ਵਾਂਗ ਇਕ ਅਜਿਹਾ ਯੁੱਧ ਲੜਨਾ ਚਾਹੁੰਦਾ ਹੈ, ਜਿਸ ਵਿਚ ਸਫ਼ਲ ਹੋਣ ਦੇ ਉਪਰੰਤ ਲੋਕਾਈ ਦੇ ਸਾਰੇ ਸੁਪਨੇ ਪੂਰੇ ਹੋ ਜਾਣਗੇ। 'ਯੁੱਧ ਤੇ ਸ਼ਾਂਤੀ' ਨਾਮ ਦੀ ਆਪਣੀ ਬਹੁ-ਚਰਚਿਤ ਕਵਿਤਾ ਵਿਚ ਉਹ ਲਿਖਦਾ ਹੈ :

ਯੁੱਧ ਇਸ਼ਕ ਦੀ ਸਿਖਰ ਦਾ ਨਾਂ ਹੈ।
ਯੁੱਧ ਲਹੂ ਦੇ ਲਾਡ ਦਾ ਨਾਂ ਹੈ।
ਯੁੱਧ ਜੀਣ ਦੇ ਨਿੱਘ ਦਾ ਨਾਂ ਹੈ।
ਯੁੱਧ ਕੋਮਲ ਹਸਰਤਾਂ ਦੀ ਮਾਲਕੀ ਦਾ ਨਾਂ ਹੈ।
ਯੁੱਧ ਅਮਨ ਦੇ ਸ਼ੁਰੂ ਦਾ ਨਾਂ ਹੈ।
ਯੁੱਧ ਵਿਚ ਰੋਟੀ ਦੇ ਹੁਸਨ ਨੂੰ
ਨਿਹਾਰਨ ਜਹੀ ਸੂਖਮਤਾ ਹੈ। ....
ਯੁੱਧ ਸਾਡੇ ਬੱਚਿਆਂ ਲਈ
ਪਿੜੀਆਂ ਵਾਲੀ ਖੁੱਦੋ ਬਣ ਕੇ ਆਏਗਾ
ਯੁੱਧ ਸਾਡੀਆਂ ਭੈਣਾਂ ਲਈ
ਕਢਾਈ ਦੇ ਸੁੰਦਰ ਨਮੂਨੇ ਲਿਆਏਗਾ
ਯੁੱਧ ਸਾਡੀਆਂ ਬੀਵੀਆਂ ਦੇ ਥਣਾਂ ਅੰਦਰ
ਦੁੱਧ ਬਣ ਕੇ ਉਤਰੇਗਾ
ਯੁੱਧ ਬੁੱਢੀ ਮਾਂ ਲਈ ਨਿਗ੍ਹਾ ਦੀ ਐਨਕ ਬਣੇਗਾ
ਯੁੱਧ ਸਾਡਿਆਂ ਵੱਡਿਆਂ ਦੀਆਂ ਕਬਰਾਂ ਉੱਤੇ
ਫੁੱਲ ਬਣ ਕੇ ਖਿੜੇਗਾ।

(*ਯੁੱਧ ਤੇ ਸ਼ਾਂਤੀ*)

**1.3.6** ਨਕਸਲਵਾਦੀ ਲਹਿਰ ਦੇ ਇਨਕਲਾਬੀ ਸਿਧਾਂਤਕਾਰਾਂ ਦਾ ਵਿਚਾਰ ਸੀ ਕਿ ਪੈਦਾਵਾਰ ਦੇ ਸਾਧਨਾਂ ਤੇ ਜਾਗੀਰਦਾਰ ਸ਼੍ਰੇਣੀ ਦਾ ਕਬਜ਼ਾ ਹੈ। ਇਨ੍ਹਾਂ ਤੋਂ ਜ਼ਮੀਨ ਖੋਹਣ ਲਈ ਇਨਕਲਾਬ ਹੀ ਇਕੋ-ਇਕ ਸਾਧਨ ਹੈ। ਸੋ, ਬੇਜ਼ਮੀਨੇ ਕਿਸਾਨਾਂ ਅਤੇ ਮੁਜ਼ਾਰਿਆਂ ਨੂੰ ਜਾਗੀਰਦਾਰਾਂ ਦਾ ਖ਼ਾਤਮਾ ਕਰ ਦੇਣਾ ਚਾਹੀਦਾ ਹੈ। ਭਾਰਤ ਵਿਚ ਇਸ ਸਮੇਂ ਜਿਸ ਸਰਮਾਏਦਾਰ ਸ਼੍ਰੇਣੀ ਦਾ ਰਾਜ ਹੈ, ਉਹ ਜਾਗੀਰਦਾਰਾਂ ਦੇ ਆਸਰੇ ਖੜੋਤੀ ਹੋਈ ਹੈ। ਇਨਕਲਾਬ ਦਾ ਕੇਂਦਰ ਸਭ ਤੋਂ ਪਹਿਲਾਂ ਪਿੰਡ ਬਣਾਏ ਜਾਣਗੇ। ਫਿਰ ਕਿਸਾਨਾਂ ਅਤੇ ਖੇਤ-ਮਜ਼ਦੂਰਾਂ ਦੀ ਸਹਾਇਤਾ ਨਾਲ ਸਟੇਟ ਉੱਤੇ ਕਬਜ਼ਾ ਕੀਤਾ ਜਾ ਸਕਦਾ ਹੈ। ਇਸ ਵਿਚਾਰਧਾਰਾ ਨੂੰ ਲੋਕਾਂ ਵਿਚ ਫੈਲਾਉਣ ਵਾਸਤੇ ਅਜਿਹੇ ਸਾਹਿੱਤ ਦੀ ਸਿਰਜਨਾ ਕਰਨ ਉੱਤੇ ਜ਼ੋਰ ਦਿੱਤਾ ਗਿਆ, ਜਿਸ ਨੂੰ ਸੁਣ ਕੇ ਲੋਕ ਜੂਝ ਮਰਨ ਲਈ ਤਿਆਰ ਹੋ ਜਾਣ। ਪਾਸ਼ ਦੀਆਂ ਕਵਿਤਾਵਾਂ ਵਿਚ ਕਿਸਾਨਾਂ ਅਤੇ ਖੇਤ-ਮਜ਼ਦੂਰਾਂ ਦੇ ਜੋਸ਼ ਨੂੰ ਉਭਾਰਣ ਵਾਸਤੇ ਭਰਪੂਰ ਸਾਮੱਗਰੀ ਉਪਲਬਧ ਹੁੰਦੀ ਹੈ। ਉਸ ਦੀਆਂ ਬਹੁਤੀਆਂ ਕਵਿਤਾਵਾਂ ਦੇ ਵਿਸ਼ੇ ਲੋਕ-ਉਭਾਰ ਨੂੰ ਹੱਲਾਸ਼ੇਰੀ ਦੇਣ ਦਾ ਮਹੱਤਵਪੂਰਨ ਸੰਦੇਸ਼ ਬਣਦੇ ਹਨ, ਜਿਵੇਂ :

ਇਹ ਲੋਕ ਅਸਲ ਵਿਚ ਚਾਨਣ ਦੇ ਭਮੰਕੜਾਂ ਵਰਗੇ ਹਨ
ਜੋ ਦੀਵਾ ਸੀਖੀ ਪੜ੍ਹ ਰਹੇ ਜਵਾਕਾਂ ਦੀਆਂ ਨਾਸਾਂ 'ਚ
ਕਚਿਆਣ ਦਾ ਭੰਬਾਕਾ ਬਣ ਕੇ ਚੜ੍ਹਦੇ ਹਨ
ਮੇਰੇ ਸ਼ਬਦ ਉਸ ਦੀਵੇ ਅੰਦਰ
ਤੇਲ ਦੀ ਥਾਂ ਸੜਨਾ ਚਾਹੁੰਦੇ ਹਨ
ਮੈਨੂੰ ਕਵਿਤਾ ਦੀ ਇਸ ਤੋਂ ਸਹੀ ਵਰਤੋਂ ਨਹੀਂ ਪਤਾ
ਤੇ ਤੈਨੂੰ ਪਤਾ ਨਹੀਂ
ਮੈਂ ਸ਼ਾਇਰੀ ਵਿਚ ਕਿਵੇਂ ਗਿਣਿਆ ਜਾਂਦਾ ਹਾਂ।

(*ਤੈਨੂੰ ਪਤਾ ਨਹੀਂ* )

**1.3.7** 'ਸਾਡੇ ਸਮਿਆਂ ਵਿਚ' ਪਾਸ਼ ਦੀਆਂ ਕਵਿਤਾਵਾਂ, ਇਕ ਪੇਂਡੂ ਕੁੜੀ ਦੇ ਹਰ ਰੋਜ਼ ਮਰ ਰਹੇ ਅਰਮਾਨਾਂ ਨੂੰ ਅਗਰਭੂਮੀ ਵਿਚ ਲਿਆ ਕੇ, ਸਾਨੂੰ ਜੀਵਨ ਦੇ ਭਿਆਨਕ ਸੱਚ ਦੇ ਸਾਹਮਣੇ ਲਿਆ ਖੜ੍ਹਾ ਕਰਦੀਆਂ ਹਨ। ਪਾਸ਼ ਦੀ ਇਹ ਵਿਧੀ ਕਿਸਾਨੀ ਜੀਵਨ ਦੀਆਂ ਵਿਸੰਗਤੀਆਂ ਅਤੇ ਕਠਿਨਾਈਆਂ ਨੂੰ ਉਭਾਰ ਕੇ ਸਾਡੇ ਸਨਮੁੱਖ ਲੈ ਆਉਂਦੀ ਹੈ। ਕਵੀ ਜਾਣਦਾ ਹੈ ਕਿ ਲੋਕਗੀਤਾਂ ਵਿਚ ਪੇਸ਼ ਹੋਇਆ ਜੀਵਨ ਦਾ ਕੋਮਲ ਅਤੇ ਮੁਲਾਇਮ ਸੱਚ ਅਜੋਕੇ ਪ੍ਰਬੰਧ

ਵਿਚ ਬਹੁਤ ਖੁਰਦਰਾ ਅਤੇ ਲਹੂ-ਲੁਹਾਣ ਹੋ ਚੁੱਕਾ ਹੈ। ਪੈਸੇ ਦੀ ਥੁੜ੍ਹ ਕਾਰਨ ਗਰੀਬ ਕਿਰਸਾਨਾਂ ਦੀਆਂ ਬੇਟੀਆਂ ਦੇ ਵਿਆਹ ਨਹੀਂ ਹੁੰਦੇ ਅਤੇ ਜੇ ਹੋ ਵੀ ਜਾਂਦੇ ਹਨ ਤਾਂ ਇਹ ਕੁੜੀਆਂ ਇਕ ਕੈਦ (ਪਿਤਾ ਦੀ) ਵਿਚੋਂ ਨਿਕਲ ਕੇ ਦੂਸਰੀ ਕੈਦ (ਪਤੀ ਦੀ) ਵਿਚ ਪਹੁੰਚ ਜਾਂਦੀਆਂ ਹਨ। ਇਨ੍ਹਾਂ ਕੁੜੀਆਂ ਦਾ ਜੀਵਨ ਮਹਿਜ਼ ਰੋਟੀ-ਕਪੜੇ ਦੇ ਇਵਜ਼ ਵਿਚ ਸਾਰੀ ਉਮਰ ਦਿਹਾੜੀ-ਦੱਪਾ ਕਰਦਿਆਂ ਹੋਇਆਂ ਗੁਜ਼ਰ ਜਾਂਦਾ ਹੈ। 'ਹੈ ਤਾਂ ਬੜਾ ਅਜੀਬ', 'ਚਿੜੀਆਂ ਦਾ ਚੰਬਾ' ਅਤੇ 'ਛੰਨੀ', ਆਦਿਕ ਕਵਿਤਾਵਾਂ ਇਕ ਪੰਜਾਬਣ ਮੁਟਿਆਰ ਦੀ ਨਿੱਘਰ ਚੁੱਕੀ ਸਥਿਤੀ ਦੇ ਸਭਿਆਚਾਰਕ ਦਸਤਾਵੇਜ਼ ਹਨ। ਇਸ ਪ੍ਰਸੰਗ ਵਿਚ ਉਸ ਦੀ ਇਕ ਕਵਿਤਾ ਦੇ ਕੁਝ ਅੰਸ਼ ਦੇਖੋ :

ਤੂੰ ਕਦੇ ਸੋਚਿਆ ਵੀ ਨਹੀਂ ਹੋਣਾ ਕਿ ਮੁਕਲਾਵਾ
ਦਾਜ ਦੇ ਭਾਂਡਿਆਂ ਦੀ ਛਣਕ ਵਿਚ
ਝਾਂਜਰ ਦੀ ਚੁੱਪ ਦਾ ਬੇਕਫ਼ਨ ਸੜਨਾ ਹੈ
ਜਾਂ ਰਿਸ਼ਤਿਆਂ ਦੇ ਸੇਕ ਵਿਚ, ਰੰਗਾਂ ਦਾ ਤਿੜਕ ਜਾਣਾ ਹੈ
ਸੁਰਿੰਦਰ ਕੌਰ ਨੂੰ ਮੁੜ ਕਦੇ ਨਹੀਂ ਦਿਸਦੀ
ਹਾਦਸਿਆਂ ਦੀ ਉਡੀਕ ਵਿਚ ਬੈਠੀ ਛਿੰਦੋ
ਇਸ ਕਦਰ ਉਸਰ ਜਾਂਦੀ ਹੈ, ਮਹਿਜ਼ ਘਟਨਾਵਾਂ ਦੀ ਦੀਵਾਰ
ਅਸਲ ਵਿਚ ਮੁਕਲਾਵਾ ਕਦੇ ਨਾ ਆਉਣ ਵਾਲੀ ਸਮਝ ਹੈ
ਕਿ ਕਿਸ ਤਰ੍ਹਾਂ ਕੋਈ ਵੀ ਪਿੰਡ
ਹੌਲੀ ਹੌਲੀ ਬਦਲ ਜਾਂਦਾ ਹੈ 'ਦਾਨਾਬਾਦ' ਵਿਚ
ਮੁਕਲਾਵਾ ਅਸਲ ਵਿਚ ਰੀਝਾਂ ਦਾ ਪਿਘਲ ਕੇ
ਮੰਜਿਆਂ, ਪੀੜ੍ਹੀਆਂ, ਬੁਹਾਰੀਆਂ ਵਿਚ ਵਟਣਾ ਹੈ।

(*ਹੈ ਤਾਂ ਬੜਾ ਅਜੀਬ* )

**1.3.8** 'ਸਾਡੇ ਸਮਿਆਂ ਵਿਚ' ਰਾਹੀਂ ਪਾਸ਼ ਇਕ ਨਵੇਂ ਸੱਚ ਦੇ ਰੂਬਰੂ ਹੁੰਦਾ ਹੈ। ਨਕਸਲਵਾਦੀ ਸਫ਼ਾਂ ਵਿਚ ਅੱਠ ਨੌ ਵਰ੍ਹੇ ਕੰਮ ਕਰਨ ਪਿੱਛੋਂ ਉਸ ਨੂੰ ਇਹ ਅਹਿਸਾਸ ਹੋ ਗਿਆ ਕਿ ਉਹ ਇਸ ਸੰਗਰਾਮ ਵਿਚ ਕੋਈ ਬਹੁਤਾ ਮੁੱਲਵਾਨ ਹਿੱਸਾ ਨਹੀਂ ਪਾ ਰਿਹਾ। ਇਸ ਲਈ ਉਹ ਹੌਲੀ-ਹੌਲੀ ਇਸ ਸੰਗਰਾਮ ਵਿਚੋਂ ਪਿੱਛੇ ਹਟਣਾਂ ਸ਼ੁਰੂ ਕਰ ਦਿੰਦਾ ਹੈ। 'ਮੈਂ ਹੁਣ ਵਿਦਾ ਹੁੰਦਾ ਹਾਂ,' ਕਾਮਰੇਡ ਨਾਲ ਗੱਲ-ਬਾਤ (ਛੇ ਕਵਿਤਾਵਾਂ) ਆਦਿ ਰਚਨਾਵਾਂ ਵਿਚ ਪਾਸ਼ 'ਜੋਗਾ ਸਿੰਘ ਵਾਂਗ ਸ੍ਵੈ-ਪੜਚੋਲ' ਕਰਦਾ ਹੈ। ਉਸ ਨੂੰ ਮਹਿਸੂਸ ਹੁੰਦਾ ਹੈ ਕਿ ਉਹ ਜੋ ਕੁਝ ਵੀ ਕਰਦਾ ਰਿਹਾ ਹੈ, ਉਹ ਸਭ ਅਰਥਹੀਣ ਸੀ। ਨਾ ਉਸ ਦੀਆਂ ਕਵਿਤਾਵਾਂ ਨੇ ਕਿਸੇ ਨੂੰ ਬਦਲਿਆ ਹੈ ਅਤੇ ਨਾ ਹੀ ਉਸ ਦੁਆਰਾ ਖਾਧੀ ਪੁਲਿਸ ਦੀ ਕੁੱਟ-ਮਾਰ ਨੇ ਕਿਸੇ ਨੂੰ ਪ੍ਰੇਰਨਾ ਦਿੱਤੀ ਹੈ। ਨਿਮਨ ਵਰਗ ਦੇ ਲੋਕਾਂ ਨੂੰ ਤਾਂ ਰੋਜ਼ੀ-ਰੋਟੀ ਦੇ ਜੁਗਾੜ ਤੋਂ ਹੀ ਵਿਹਲ ਨਹੀਂ ਅਤੇ ਮੱਧ-ਵਰਗ ਤਮਾਸ਼ੇ ਕਰਨ ਅਤੇ ਵੇਖਣ ਦਾ ਆਦੀ ਹੈ। ਉਹ ਯਥਾਸਥਿਤੀਵਾਦ ਨੂੰ ਬਦਲਣ ਦੀ ਲੋੜ ਨਹੀਂ ਸਮਝਦਾ, ਬਲਕਿ ਸਦਾ ਇਸ ਤੋਂ ਕੋਈ ਨਾ ਕੋਈ ਲਾਭ ਉਠਾਉਣ ਦੀ ਤਾਕ ਵਿਚ ਰਹਿੰਦਾ ਹੈ। ਅਸਲ ਵਿਚ ਇਹ ਦੌਰ ਨਕਸਲਵਾਦੀ ਲਹਿਰ ਅਤੇ ਕਵਿਤਾ ਦੇ ਖ਼ਾਤਮੇ ਵੱਲ ਸੰਕੇਤ ਕਰਦਾ ਹੈ। ਕਵੀ ਆਪ ਵੀ ਇਸ ਲਹਿਰ ਤੋਂ ਕਿਨਾਰਾਕਸ਼ੀ ਕਰਨਾ ਚਾਹੁੰਦਾ ਹੈ, ਦੇਖੋ :

ਕਾਮਰੇਡ ! ਮੱਧ ਵਰਗ ਅੱਜ ਭਗੌੜਾ ਹੈ –
ਸੰਘਰਸ਼ ਤੋਂ ਨਹੀਂ, ਇਹ ਪਾਗਲਖਾਨਿਓਂ ਭੱਜ ਨਿਕਲਿਆ
ਮੁਜ਼ਰਮ ਹੈ ਅਤੇ ਸਿਧਾਂਤ
ਕਦੇ ਤਾਂ ਘਰਦਿਆਂ, ਕਦੇ ਪੁਲਿਸ ਵਾਂਗ
ਇਹਦਾ ਪਿੱਛਾ ਕਰਦੇ ਪਏ ਹਨ।
ਕਾਮਰੇਡ ਖਿਮਾ ਕਰਨਾ, ਉਸ ਨੂੰ ਗਾਲ੍ਹ ਦੇਣੀ ਠੀਕ ਨਹੀਂ
ਜੋ ਕੇਵਲ ਖੁਦ ਦੀ ਪਿੱਛੇ ਰਹਿ ਗਈ ਗੂੰਜ ਹੈ।

(*ਕਾਮਰੇਡ ਨਾਲ ਗੱਲ-ਬਾਤ*-1)

ਪਿਆਰੇ ਕਾਮਰੇਡ, ਹੁਣ ਬੇਅਰਥ ਹਨ ਮੇਰੇ ਲਈ
ਤੇਰੇ ਖੁਫ਼ੀਆਂ ਰਾਤਾਂ ਦੇ ਸਕੂਲ

ਮੈਂ ਧਰਤੀ ਦੀ ਤਪਦੀ ਲੋਹ ਹੇਠ
ਤੱਕਿਆ ਹੈ ਬਲਦਾ ਇਕ ਟਕ ਮੈਕਿਆਵੇਲੀ ਦੀ ਸਿਵਾ
ਮੈਂ ਸਟੇਟ ਨੂੰ ਤੱਕਿਆ ਹੈ ਲੋਕਾਂ ਆਸਰੇ ਲੜਦਿਆਂ
ਕਦੇ ਲੋਕਾਂ ਨਾਲ, ਕਦੇ ਲੋਕਾਂ ਲਈ।
ਮੈਂ ਵੇਖੇ ਨੇ ਅਰਸਤੂ ਤੇ ਸਟਾਲਿਨ,
ਸਦੀਆਂ ਲੰਮੇ ਯੁੱਧ ਲੜਦੇ
ਕੇਵਲ ਇਹ ਪਰਿਭਾਸ਼ਿਤ ਕਰਨ ਲਈ
ਕਿ ਆਦਮੀ ਕਿਸ ਕਿਸਮ ਦਾ ਪਸ਼ੂ ਹੈ।

(*ਕਾਮਰੇਡ ਨਾਲ ਗੱਲ-ਬਾਤ - 3*)

**1.3.9** ਜੀਵਨ ਦੀ ਅਰਥਹੀਣਤਾ ਦਾ ਇਹ ਬੋਧ ਘਟਨਾਵਾਂ ਦੀ ਬੇਤਰਤੀਬੀ ਅਤੇ ਆਪਣੇ ਮੁਤਾਬਿਕ ਕੁਝ ਵੀ ਨਾ ਵਾਪਰਣ ਦੀ ਹੱਤਾਸ਼ਾ (ਖਿੱਝ+ਨਿਰਾਸ਼ਾ) ਵਿਚੋਂ ਪੈਦਾ ਹੋਇਆ। ਨਕਸਲਵਾਦੀ ਵਿਚਾਰਧਾਰਾ ਨਾਲ ਜੁੜੇ ਹੋਏ ਪਾਸ਼ ਵਰਗੇ ਇਨਕਲਾਬੀ ਕਵੀ ਜੀਵਨ ਪ੍ਰਤੀ ਰੋਮਾਂਟਿਕ ਨਜ਼ਰੀਆ ਰੱਖਦੇ ਸਨ। ਮਾਰਕਸਵਾਦ-ਲੈਨਿਨਵਾਦ ਦੇ ਮੂਲ ਸਿਧਾਂਤ ਪੜ੍ਹ ਲੈਣ ਨਾਲ ਜਾਂ ਇਕ ਅੱਧ ਇਨਕਲਾਬੀ ਕਵਿਤਾ ਲਿਖ ਲੈਣ ਨਾਲ ਇਨਕਲਾਬ ਨਹੀਂ ਆ ਜਾਂਦੇ। ਇਸ ਵਾਸਤੇ ਪੂਰੇ ਦੇ ਪੂਰੇ ਦੇਸ਼ ਦੀ ਮਾਨਸਿਕਤਾ ਨੂੰ ਬਦਲਣਾ ਜ਼ਰੂਰੀ ਹੁੰਦਾ ਹੈ। ਬੇਸ਼ਕ ਸਾਰੇ ਲੋਕ ਇਨਕਲਾਬ ਦੀ ਖ਼ਾਤਰ ਲੜ ਨਹੀਂ ਸਕਦੇ, ਪਰੰਤੂ ਉਨ੍ਹਾਂ ਦੇ ਮਨਾਂ ਵਿਚ ਇਨਕਲਾਬ ਅਤੇ ਇਨਕਲਾਬੀਆਂ ਪ੍ਰਤੀ ਸਹਾਨੁਭੂਤੀ ਤਾਂ ਹੋਵੇ। ਉਹ ਪੁਲਿਸ ਤੋਂ ਬਚਦੇ ਫਿਰਦੇ ਇਨਕਲਾਬੀਆਂ ਨੂੰ ਲੁਕਣ-ਛਿਪਣ ਵਾਸਤੇ ਠਾਹਰ ਤਾਂ ਦੇਣ। ਪਰੰਤੂ ਸਾਡਾ ਸਮਾਜ ਅਜੇ ਏਨਾ ਰੈਡੀਕਲ ਨਹੀਂ ਹੋਇਆ। ਪ੍ਰੀਤਮ ਸਿੰਘ ਸਫ਼ੀਰ ਵਰਗੇ ਰਹੱਸਵਾਦੀ ਕਵੀ ਨੂੰ ਵੀ ਇਹ ਲਿਖਣਾ ਪਿਆ ਸੀ - ''ਉੱਦਮ ਨੂੰ ਜੋ ਗੜਬੜ ਜਾਣੇ, ਬਦਲ ਦੇਣ ਨੂੰ ਕਾਰਾ। ਉਸ ਦੁਨੀਆਂ ਦਾ ਕੌਣ ਕਰੇ ਨਿਸਤਾਰਾ।'' ਸਾਡੇ ਸਮਾਜ ਵਿਚ ਯਥਾਸਥਿਤੀਵਾਦ ਏਨਾ ਭਾਰੂ ਹੈ ਕਿ ਇਥੇ ਕਿਸੇ ਵੀ ਕਿਸਮ ਦੀ ਤਬਦੀਲੀ ਇਕ ਉਪੱਦਰ ਜਾਂ ਗੜਬੜ ਪ੍ਰਤੀਤ ਹੁੰਦੀ ਹੈ। ਇਹੀ ਕਾਰਨ ਹੈ ਕਿ ਮਾਰਕਸਵਾਦੀਆਂ, ਨਕਸਲਵਾਦੀਆਂ ਅਤੇ ਖਾਲਿਸਤਾਨੀਆਂ ਦੇ ਲੱਖ ਯਤਨ ਕਰਨ ਦੇ ਬਾਵਜੂਦ ਇਥੇ ਇਨਕਲਾਬ ਨਹੀਂ ਆਏ। ਬਲਕਿ ਦਿਨ-ਪ੍ਰਤੀ-ਦਿਨ ਹੋਰ ਦੂਰ ਹੁੰਦੇ ਗਏ ਹਨ। ਪਾਸ਼ ਨੇ ਆਪਣੇ ਸਮਕਾਲੀ ਯੁੱਗ ਦੇ ਇਸ ਸੱਚ ਨੂੰ ਸਮਝ ਲਿਆ ਸੀ। ਇਹੀ ਕਾਰਨ ਹੈ ਕਿ ਉਹ ਆਪਣੇ ਆਪ ਨੂੰ ਨਕਸਲਵਾਦੀ ਸੰਗਰਾਮ ਤੋਂ ਵੱਖ ਕਰ ਲੈਣਾ ਚਾਹੁੰਦਾ ਸੀ ਅਤੇ ਇਸ ਮੰਤਵ ਦੀ ਪੂਰਤੀ ਲਈ ਉਹ ਦੇਸ਼ ਨੂੰ ਵੀ ਛੱਡ ਗਿਆ। ਪਰੰਤੂ ਹੋਣੀ ਨੂੰ ਇਹ ਮਨਜ਼ੂਰ ਨਹੀਂ ਸੀ ਅਤੇ ਅੰਤ ਵਿਚ ਉਹ ਇਕ ਨਕਸਲਵਾਦੀ ਕਵੀ ਦੇ ਰੂਪ ਵਿਚ ਹੀ ਮਾਰਿਆ ਗਿਆ। 'ਸਾਡੇ ਸਮਿਆਂ ਵਿਚ' ਦੀਆਂ ਬਹੁਤ ਸਾਰੀਆਂ ਕਵਿਤਾਵਾਂ ਪਾਸ਼ ਦੇ ਨਕਸਲਵਾਦੀ ਸੰਗਠਨ ਤੋਂ ਮੋਹ-ਭੰਗ ਦੀ ਗੱਲ ਕਰਦੀਆਂ ਹਨ :

ਮੈਂ ਮੁੰਡਿਓ, ਹੁਣ ਤੁਹਾਡੇ 'ਚੋਂ ਨਹੀਂ ਹਾਂ
ਮੈਂ ਇੱਲ ਦੇ ਪੰਜਿਆਂ 'ਚ ਉਡ ਰਿਹਾ ਆਜ਼ਾਦ ਚੂਹਾ ਹਾਂ
ਘੁਸਮੁਸੇ ਦੀ ਚੁੰਭਲੀ ਹੋਈ ਅੱਖ ਹਾਂ
ਇਤਿਹਾਸ ਦੇ ਤਾਲਾ ਲੱਗੇ ਹੋਏ ਬੂਹੇ ਤੇ ਬੈਠਾ ਪ੍ਰਾਹੁਣਾ ਹਾਂ
ਬਾਰਾਮਾਹ 'ਚੋਂ ਵਰਜਿਤ ਕੋਈ ਮਸਾਂਦ ਹਾਂ
ਜਿਸ ਤੋਂ ਕੁਝ ਵੀ ਸ਼ੁਰੂ ਜਾਂ ਖ਼ਤਮ ਨਹੀਂ ਹੁੰਦਾ -
ਕਵਿਤਾ ਨਹੀਂ, ਮੇਰੀ ਆਵਾਜ਼ ਕੇਵਲ ਗੰਦ ਤੇ ਵਰ੍ਹਦਾ ਮੀਂਹ ਹੈ
ਤੁਹਾਡੇ ਲਈ ਅਸੀਸ ਨਾ ਨਸੀਹਤ
ਮੇਰੇ ਸ਼ਬਦ ਧੁਲਾਈ ਕਰਦੇ ਹੋਏ ਵੀ ਬਦਬੂ ਖਿੰਡਾ ਰਹੇ ਨੇ ....
ਅਸਲ ਵਿਚ ਮੁੰਡਿਓ,
ਮੈਂ ਬਹੁਤ ਦਹਿਲ ਗਿਆ ਹਾਂ, ਇਸ ਭਿਆਨਕ ਤਸੀਹੇ ਤੋਂ ....
ਤੇ ਹੁਣ ਮੈਂ ਚਾਹੁੰਦਾ ਹਾਂ
ਸੜਕ ਤੇ ਜਾ ਰਹੇ ਕਿਸੇ ਮਾਡਲ ਸਕੂਲ ਦੇ ਰਿਕਸ਼ਾ ਵਿਚ
ਛੜੱਪ ਦੇਣੀ ਚੜ੍ਹ ਜਾਵਾਂ ਤੇ ਟਾਫ਼ੀ ਚੂਸਦਾ ਹੋਇਆ

ਇਸ ਉਧੜ-ਗੁਧੜੇ ਫੈਲੇ ਹੋਏ ਸੰਸਾਰ ਨੂੰ
ਮਾਸੂਮ ਜਹੀ ਤੱਕਣੀ ਨਾਲ ਘੂਰਾਂ
ਤੇ ਉਨ੍ਹਾਂ ਸਾਰੀਆਂ ਆਲਸੀ ਸਚਾਈਆਂ ਉੱਤੇ
ਨਵੇਂ ਸਿਰਿਉਂ ਯਕੀਨ ਕਰਨਾ ਸ਼ੁਰੂ ਕਰਾਂ
ਜਿਵੇਂ ਉਹ ਇਨ-ਬਿਨ ਸਚੀਆਂ ਹੀ ਹੋਣ।

(*ਜਿਥੇ ਕਵਿਤਾ ਖ਼ਤਮ ਨਹੀਂ ਹੁੰਦੀ* )

### 1.4.1 ਕਾਵਿ ਦੀ ਵਸਤੂ-ਸਾਮੱਗਰੀ

ਪਾਸ਼-ਕਾਵਿ ਦੀ ਵਸਤੂ-ਸਾਮੱਗਰੀ ਦਾ ਇਕ ਹੋਰ ਪਾਸਾਰ ਸਮਕਾਲੀ ਦੌਰ ਵਿਚ ਲਿਖੀ ਜਾ ਰਹੀ ਕਵਿਤਾ ਦੀ ਪ੍ਰਾਸੰਗਿਕਤਾ ਨਾਲ ਜੁੜਿਆ ਹੋਇਆ ਹੈ। ਪਾਸ਼ ਵਰਗੇ ਇਨਕਲਾਬੀ ਕਵੀਆਂ ਦੀ ਨਜ਼ਰ ਵਿਚ ਕਵਿਤਾ ਇਕ ਹਥਿਆਰ ਦਾ ਕੰਮ ਕਰਦੀ ਸੀ ਅਤੇ ਉਹ ਇਸ ਦੇ ਮਾਧਿਅਮ ਦੁਆਰਾ ਲੋਕ-ਮਨਾਂ ਵਿਚ ਇਨਕਲਾਬੀ ਚੇਤਨਾ ਦਾ ਪਸਾਰ ਕਰਨਾ ਚਾਹੁੰਦੇ ਸਨ। ਪਾਸ਼ ਸੁਹਜਵਾਦੀ ਅੰਦਾਜ਼ ਵਿਚ ਲਿਖੀ ਜਾ ਰਹੀ ਕਵਿਤਾ ਦਾ ਸਮਰਥਕ ਨਹੀਂ ਸੀ। ਉਹ ਸੁਰਜੀਤ ਪਾਤਰ ਵਰਗੇ ਕਵੀਆਂ ਦੀ ਕਾਵਿ-ਪ੍ਰਤਿਭਾ ਦੀ ਪ੍ਰਸ਼ੰਸ਼ਾ ਤਾਂ ਕਰਦਾ ਸੀ, ਪਰ ਉਨ੍ਹਾਂ ਵੱਲੋਂ ਲਿਖੀ ਜਾ ਰਹੀ ਕਵਿਤਾ ਨੂੰ ਸਮਾਜ ਲਈ ਅਪ੍ਰਾਸੰਗਿਕ ਸਮਝਦਾ ਸੀ, ਕਿਉਂਕਿ ਇਹ ਕਵਿਤਾ ਇਨਕਲਾਬੀ ਚੇਤਨਾ ਨੂੰ ਝੰਜੋੜ ਕੇ ਜਗਾਉਣ ਦੀ ਬਜਾਇ ਉਨ੍ਹਾਂ ਨੂੰ 'ਸੌਣ' ਦਾ ਸੰਦੇਸ਼ ਦੇ ਰਹੀ ਸੀ। ਸੁਰਜੀਤ ਪਾਤਰ ਨੇ ਖ਼ੁਦ ਆਪਣੀਆਂ ਕਈ ਕਵਿਤਾਵਾਂ ਵਿਚ ਪਾਸ਼ ਦੀਆਂ ਟਿੱਪਣੀਆਂ ਦਾ ਜਵਾਬ ਦਿੱਤਾ ਹੈ। ਪਾਤਰ ਵਰਗੇ ਕਵੀਆਂ ਦੀ ਸੁਵਿਧਾਮਈ ਜੀਵਨ-ਸ਼ੈਲੀ ਉੱਪਰ ਟਿੱਪਣੀ ਕਰਦਾ ਹੋਇਆ ਪਾਸ਼ ਲਿਖਦਾ ਹੈ :

ਮੈਂ ਸੁਣਿਆ ਹੈ ਕਿ ਮੇਰੇ ਕਤਲ ਦਾ ਮਨਸੂਬਾ
ਰਾਜਧਾਨੀ ਵਿਚ
ਮੇਰੇ ਜੰਮਣ ਤੋਂ ਬਹੁਤ ਪਹਿਲਾਂ ਹੀ ਬਣ ਚੁੱਕਿਆ ਸੀ
ਤੇ ਪੀਲੂ ਸ਼ਾਇਰ
ਅੱਜ ਕਲ੍ਹ ਵਿਸ਼ਵ-ਵਿਦਿਆਲੇ ਨੌਕਰੀ ਤੇ ਲੱਗ ਗਿਆ ਹੈ
ਸ਼ਾਇਦ ਉਹ ਮੇਰੇ ਕਤਲ ਨੂੰ
ਨਿਗੂਣੀ ਜਿਹੀ ਘਟਨਾ ਕਰਾਰ ਦੇਵੇ ਅਤੇ ਸ਼ਤਾਬਦੀਆਂ ਲਈ
ਕਿਰਾਏ ਦੀਆਂ ਨਜ਼ਮਾਂ ਰਹੇ ਲਿਖਦਾ
ਤੇ ਪਹਿਲਾਂ ਵਾਂਗ ਹੁਣ ਕੁਝ ਵੀ ਨਾ ਹੋਵੇ

(*ਕਲਾਮ ਮਿਰਜ਼ਾ*)

ਮੇਰੇ ਪਿੰਡ ਕਿਤੇ ਮੈਨੂੰ ਰਾਤ ਬਰਾਤੇ ਮਿਲਣ ਆ ....
ਤੂੰ ਆਖਰ ਪਿੰਡ ਏਂ ਕੋਈ ਸੁਹਜਵਾਦੀ ਸ਼ਾਇਰ ਨਹੀਂ
ਜੋ ਇਸ ਫ਼ਜ਼ੂਲ ਜਹੇ ਸੰਸੇ 'ਚ ਰੁੱਝਿਆ ਰਹੇ
ਕਿ ਖਵਰੇ ਕਿੰਨੇ ਹੁੰਦੇ ਹਨ ਦੋ ਤੇ ਦੋ।
ਤੈਨੂੰ ਪਤਾ ਹੈ ਕਿ ਜੇ ਦੋ ਤੇ ਦੋ ਚਾਰ ਨਹੀਂ ਬਣਦੇ
ਤਾਂ ਛਿੱਲ ਤ੍ਰਾਸ਼ ਕੇ ਕਰਨੇ ਹੀ ਪੈਣਗੇ।

(*ਜੰਗਲ 'ਚੋਂ ਆਪਣੇ ਪਿੰਡ ਦੇ ਨਾਂ ਰੁੱਕਾ*)

**1.4.2** ਪਾਸ਼ ਦੀਆਂ ਕਵਿਤਾਵਾਂ ਵਿਚ ਸੁਹਜ-ਸੰਚਾਰ ਦੀ ਸਮੱਸਿਆ ਬਾਰੇ ਸੰਕੇਤ ਕਰਦਾ ਹੋਇਆ ਸਤਿੰਦਰ ਸਿੰਘ ਨੂਰ ਲਿਖਦਾ ਹੈ ਕਿ ਉਸ ਦੀ ਕਵਿਤਾ ਉਸ ਸਥਿਤੀ ਵਿਚੋਂ ਜਨਮੀ ਹੈ ਜਿਥੇ ਭਾਵਾਂ ਦੇ ਆਲੇ-ਦੁਆਲੇ ਕੋਈ ਸੰਜਮ, ਸੰਕੋਚ ਜਾਂ ਰੂਪ ਦਾ ਪ੍ਰਸ਼ਨ ਨਹੀਂ ਰਹਿ ਜਾਂਦਾ। ਜਿਥੇ ਸ਼ਬਦ-ਸੁਹਜ, ਕਾਵਿ-ਬਿੰਬ ਆਦਿ ਦੇ ਪ੍ਰਸ਼ਨਾਂ ਨੂੰ ਤਿਆਗ ਕੇ ਰੋਹ ਨੂੰ ਜ਼ਬਾਨ ਦਿੱਤੀ ਜਾਂਦੀ ਹੈ। (*ਨਵੀਂ ਕਵਿਤਾ : ਸੀਮਾ ਤੇ ਸੰਭਾਵਨਾ,* ਪੰਨਾ 118) ਪ੍ਰਸਿੱਧ ਚਿੰਤਕ ਪ੍ਰੇਮਪਾਲੀ ਦਾ ਮੱਤ ਹੈ ਕਿ ਪਾਸ਼ ਨੇ ਕਵਿਤਾ ਅਤੇ ਕਵੀ ਦੇ ਸਬੰਧ ਵਿਚ ਕਈ ਨਵੇਂ ਮਾਪਦੰਡ ਸਥਾਪਿਤ ਕੀਤੇ। ਕਾਵਿ ਸੰਕਲਪ ਵਿਚ ਉਸ ਨੇ ਪਹਿਲਾ ਮਾਪਦੰਡ ਇਹੋ ਸਥਾਪਿਤ ਕੀਤਾ ਕਿ ਨਿਰਪੱਖ ਕਵਿਤਾ ਜਾਂ ਨਿਰਪੱਖ ਕਵੀ ਵਰਗੀ ਕੋਈ ਚੀਜ਼ ਨਹੀਂ ਹੁੰਦੀ। ਕਵੀ ਅਤੇ ਉਸ ਦੀ ਕਵਿਤਾ ਸਮੇਂ, ਸਥਾਨ ਜਾਂ ਜਮਾਤੀ ਹਿੱਤਾਂ ਤੋਂ

ਉੱਪਰ ਨਹੀਂ ਹੁੰਦੇ। ਇਹ ਠੀਕ ਹੈ ਕਿ ਉਸਨੇ ਸੱਚ-ਝੂਠ, ਸੁਹੱਪਣ-ਕੋਝ, ਆਜ਼ਾਦੀ-ਗੁਲਾਮੀ ਆਦਿ ਨਿਰਾਕਾਰ ਅਤੇ ਨਿਰਪੇਖ ਸੰਕਲਪਾਂ ਦਾ ਪ੍ਰਯੋਗ ਕੀਤਾ ਪਰ ਉਸ ਨੇ ਇਨ੍ਹਾਂ ਸੰਕਲਪਾਂ ਨੂੰ ਠੋਸ ਅਰਥ ਦੇਣ ਦੀ ਆਪਣੀ ਕੋਸ਼ਿਸ਼ ਵਿਚ ਕੋਈ ਕਸਰ ਨਾ ਛੱਡੀ। (*ਮੈਂ, ਅਸੀਂ ਅਤੇ ਤੁਸੀਂ,* ਪੰਨਾ 30)

**1.4.3** ਪਾਸ਼ ਦਾ ਦ੍ਰਿੜ ਵਿਸ਼ਵਾਸ ਸੀ ਕਿ ਕਵਿਤਾ ਕਦੇ ਵੀ ਕਵੀ ਦੇ ਅਮਲ ਤੋਂ ਵੱਖਰੀ ਨਹੀਂ ਹੁੰਦੀ। ਇਹ ਉਸ ਦੇ ਅਮਲ ਵਿਚੋਂ ਪੈਦਾ ਹੁੰਦੀ ਹੈ ਅਤੇ ਉਸ ਦੇ ਅਮਲ ਨੂੰ ਕਵਿਤਾ ਤੋਂ ਬਲ ਮਿਲਦਾ ਹੈ। ਇਸ ਤਰ੍ਹਾਂ ਦੋਹਾਂ ਦਾ ਆਪਸੀ ਰਿਸ਼ਤਾ ਦਵੰਦਾਤਮਕ ਹੈ। ਆਪਣੇ ਪ੍ਰਤੀਦਵੰਦੀ ਦੇ ਰੂਪ ਵਿਚ ਉਹ ਸਦਾ ਸੁਹਜਵਾਦੀ ਕਵੀ ਨੂੰ ਖੜੋਤਿਆਂ ਵੇਖਦਾ ਹੈ। ਅਜਿਹਾ ਸੁਹਜਵਾਦੀ ਕਵੀ, ਜੋ ਸਾਰੀ ਉਮਰ 'ਮਾਸ਼ੂਕਾ ਨੂੰ ਖ਼ਤ' ਲਿਖਣ ਦੀ ਹੀ ਮਸ਼ਕ ਕਰਦਾ ਹੈ। ਸੁਹਜਵਾਦੀ ਕਵੀ ਆਪਣੀ ਕਵਿਤਾ ਰਾਹੀਂ ਸੁਹਜ ਉਪਜਾਉਣ, ਸੁਹਜ ਵੰਡਣ ਅਤੇ ਇਸ ਨੂੰ ਮਾਣਨ ਤੱਕ ਹੀ ਸੀਮਿਤ ਰਹਿੰਦਾ ਹੈ। ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਅਤੇ ਠੋਸ ਅਮਲ ਜੋ ਸਮੇਂ ਦੀ ਲੋੜ ਹੁੰਦਾ ਹੈ, ਨਾਲ ਉਸ ਦਾ ਕੋਈ ਵਾਸਤਾ ਨਹੀਂ ਹੁੰਦਾ, ਪਰੰਤੂ ਪਾਸ਼ ਕੋਲ ਲਿਖਣ ਲਈ ਜੀਵਨ ਦੀਆਂ ਤਲਖ ਹਕੀਕਤਾਂ ਦਾ ਵਿਸ਼ਾਲ ਭੰਡਾਰ ਮੌਜੂਦ ਸੀ। ਉਸ ਅਨੁਸਾਰ :

ਸੁਹਜ ਦੀ ਉਸ ਸੁਪਨ ਸੀਮਾ ਤੋਂ ਉਰੇ
ਹਾਲਾਂ ਕਰਨ ਨੂੰ ਬਹੁਤ ਗੱਲਾਂ ਹਨ।

(*ਇਨਕਾਰ* )

**1.4.4** ਨਰੋਈ ਸਾਮੱਗਰੀ ਨੂੰ ਪ੍ਰਭਾਵਸ਼ਾਲੀ ਰੂਪ ਵਿਚ ਪੇਸ਼ ਕਰਨਾ ਹੀ ਪ੍ਰਮਾਣਿਕ ਕਵਿਤਾ ਦੀ ਮੁੱਖ ਕਸੌਟੀ ਹੈ। ਪਾਸ਼ ਨੇ ਆਪਣੀਆਂ ਕਵਿਤਾਵਾਂ ਦੁਆਰਾ ਸੁਹਜਵਾਦੀਆਂ ਦਾ ਇਹ ਭੁਲੇਖਾ ਕੱਢਿਆ ਹੈ ਕਿ ਕਵਿਤਾ ਨੂੰ ਕੇਵਲ ਸੁਹਜ-ਸੰਕਲਪਾਂ ਦੁਆਰਾ ਹੀ ਅਸਰਦਾਰ ਬਣਾਇਆ ਜਾ ਸਕਦਾ ਹੈ। ਇਹ ਸਾਮੱਗਰੀ ਦੇ ਖਾਸੇ ਤੇ ਨਿਰਭਰ ਕਰਦਾ ਹੈ ਕਿ ਉਸ ਨੇ ਕਿਹੜੇ ਰੂਪ ਵਿਚ ਵਧੇਰੇ ਅਸਰਦਾਰ ਹੋਣਾ ਹੈ। ਕਈ ਵਾਰ ਗੱਲ ਨੂੰ ਕੇਵਲ ਗਾਲ੍ਹ ਦਾ ਰੂਪ ਹੀ ਵਧੇਰੇ ਅਸਰਦਾਰ ਬਣਾ ਸਕਦਾ ਹੈ। ਅਮਰਜੀਤ ਚੰਦਨ ਨੇ ਪਾਸ਼-ਕਾਵਿ ਦਾ ਮੁਲੰਕਣ ਕਰਦਿਆਂ ਹੋਇਆਂ ਲਿਖਿਆ ਹੈ ਕਿ ਪਾਸ਼ ਦੀ ਗਾਲ੍ਹ-ਗਲੋਚ ਨਾਲ ਸਬੰਧਿਤ ਸਾਮੱਗਰੀ ਸ਼ਖਸੀ ਦਹਿਸ਼ਤਪਸੰਦੀ ਦੇ ਦਾਰੂਵਾਦੀ ਦੌਰ ਦੀ ਦੇਣ ਸੀ। ਬਾਅਦ ਵਿਚ (1973 ਈ. ਤੋਂ ਪਿੱਛੋਂ) ਉਸ ਨੇ ਇਸ ਗਾਲ੍ਹੀ-ਗਲੋਚ ਤੋਂ ਕਿਨਾਰਾ ਕਰ ਲਿਆ ਸੀ। ਉਸ ਨੂੰ ਇਹ ਅਹਿਸਾਸ ਹੋ ਗਿਆ ਸੀ ਕਿ ਗਾਲ੍ਹ ਇਨਸਾਨੀ ਰਵੱਈਏ ਦਾ ਮਿਆਰ ਨਹੀਂ ਹੋ ਸਕਦੀ। (*ਖਿਲਰੇ ਹੋਏ ਵਰਕੇ : ਭੂਮਿਕਾ,* ਪੰਨਾ 19)।

**1.4.5** ਇਸ ਸੰਗ੍ਰਹਿ ਵਿਚ ਸੰਕਲਿਤ ਕਵਿਤਾਵਾਂ ਨਕਸਲਵਾਦੀ ਅੰਦੋਲਨ ਦੇ ਉਸ ਦੌਰ ਵੱਲ ਵੀ ਸੰਕੇਤ ਕਰਦੀਆਂ ਹਨ ਜਦੋਂ ਇਸ ਅੰਦੋਲਨ ਦੇ ਆਗੂ ਫੁੱਟ ਦਾ ਸ਼ਿਕਾਰ ਹੋ ਗਏ ਸਨ। ਵੇਖਦਿਆਂ-ਵੇਖਦਿਆਂ ਇਸ ਦੇ ਤੇਰ੍ਹਾਂ ਗਰੁੱਪ ਬਣ ਗਏ ਸਨ। ਅਜਿਹੇ ਰੌਲੇ-ਘਚੋਲੇ ਵਿਚ ਕਵੀ ਦਾ ਕਿਸੇ ਇਕ ਗਰੁੱਪ ਦੀ ਸਿਆਸਤ ਨਾਲ ਜੁੜਨਾ ਜਾਇਜ਼ ਵੀ ਨਹੀਂ ਸੀ, ਕਿਉਂਕਿ ਇਹ ਫ਼ੈਸਲਾ ਕਰਨਾ ਔਖਾ ਹੋ ਗਿਆ ਸੀ ਕਿ ਕਿਹੜੇ ਗਰੁੱਪ ਦੀ ਸਿਆਸੀ ਸਮਝ ਸਹੀ ਹੈ।ਇਸ ਦੇ ਨਾਲ ਹੀ ਜਮਾਤੀ ਦੁਸ਼ਮਣਾਂ ਦਾ ਸਫ਼ਾਇਆ ਅਤੇ ਵਿਅਕਤੀਗਤ ਕਤਲਾਂ ਦੀਆਂ ਨੀਤੀਆਂ ਨੇ ਜਿੱਥੇ ਇਨਕਲਾਬੀਆਂ ਵਿਚ ਮਤਭੇਦ ਪੈਦਾ ਕਰ ਦਿੱਤੇ ਸਨ, ਉੱਥੇ ਸਰਕਾਰੀ ਦਮਨ ਲਈ ਵੀ ਬੇਰੋਕ ਰਾਹ ਖੋਲ੍ਹ ਦਿੱਤਾ। (ਵੇਖੋ *ਮੈਂ, ਅਸੀਂ ਅਤੇ ਤੁਸੀਂ,* ਪੰਨਾ 37)। 1970 ਈ. ਤੋਂ ਬਾਅਦ ਸਰਕਾਰੀ ਦਮਨ ਦਾ ਅਜਿਹਾ ਦੌਰ ਚਲਿਆ ਜਿਸ ਨੇ ਕੁਝ ਹੀ ਸਾਲਾਂ ਵਿੱਚ ਇਨਕਲਾਬੀ ਅਨਸਰਾਂ ਨੂੰ ਜੇਕਰ ਪੂਰੀ ਤਰ੍ਹਾਂ ਖ਼ਤਮ ਨਹੀਂ ਕੀਤਾ, ਤਾਂ ਪਿੱਛੇ ਧੱਕ ਕੇ ਮੁੜ ਸੋਚਣ ਲਈ ਮਜ਼ਬੂਰ ਕਰ ਦਿੱਤਾ। ਇਸੇ ਸਥਿਤੀ ਦਾ ਨਿਰੂਪਣ ਕਰਦਾ ਹੋਇਆ ਪਾਸ਼ ਲਿਖਦਾ ਹੈ :

ਤੈਨੂੰ ਪਤਾ ਨਹੀਂ ਕਿ ਸਿਪਾਹੀ ਮੈਨੂੰ ਜਾਣਦੇ ਹੋਏ ਵੀ
ਕਿਵੇਂ ਅਜਨਬੀ ਬਣ ਜਾਂਦੇ ਹਨ
ਤਲਾਸ਼ੀ ਲੈ ਰਿਹਾ ਕੋਈ ਜਾਹਿਲ ਜਿਹਾ ਪੰਜਾ
ਕਿਵੇਂ ਜਾ ਪੈਂਦਾ ਹੈ
ਮੇਰੇ ਚਾਨਣੀਆਂ ਰਾਤਾਂ ਨਾਲ ਕੀਤੇ ਅਹਿਦਨਾਮੇ ਤੇ
ਤੈਨੂੰ ਪਤਾ ਨਹੀਂ ਮੇਰੀ ਰੀੜ੍ਹ ਦੀ ਹੱਡੀ ਦਾ ਪੁਰਾਣਾ ਜ਼ਖਮ
ਕਿਵੇਂ ਟਸਕਣ ਲੱਗਦਾ ਹੈ, ਉਨ੍ਹਾਂ ਦੇ ਜਾਣ ਮਗਰੋਂ
ਤੈਨੂੰ ਪਤਾ ਨਹੀਂ ਉਹ ਖ਼ਤਰਨਾਕ ਪਾਰਟੀ ਕੀ ਕਰਦੀ ਹੈ

ਉਥੇ ਸ਼ਾਹ ਕਾਲੀਆਂ ਰਾਤਾਂ ਵਿਚ
ਮੁਹੱਬਤ ਦਾ ਇਕ ਉਨੀਂਦਰਾ ਦਸਤਾਵੇਜ਼
ਸੁੱਤੀ ਪਈ ਧਰਤੀ ਤੇ ਫੜਫੜਾਉਂਦਾ ਹੈ।
ਲਗਾਤਾਰ ਕੁਰੇਦਦੀ ਹੋਈ ਹਵਾ ਸਾਹਵੇਂ
ਨੰਗੀ ਹਿੱਕੇ ਖੜਨ ਦਾ ਇਕ ਸਿਲਸਿਲਾ ਹੈ।
ਉਥੇ ਹਥਿਆਰਾਂ ਵਰਗੇ ਆਦਮੀ ਹਨ
ਅਤੇ ਆਦਮੀਆਂ ਵਰਗੇ ਹਥਿਆਰ
ਅਸਲ ਵਿਚ ਨਾ ਉਹੀ ਆਦਮੀ ਹਨ, ਨਾ ਹਥਿਆਰ
ਉਥੇ ਹਥਿਆਰਾਂ ਨਾਲੋਂ ਆਦਮੀ ਦੇ
ਟੁੱਟ ਰਹੇ ਯਰਾਨ ਦੀ ਕੜ-ਕੜ ਹੈ। (*ਤੈਨੂੰ ਪਤਾ ਨਹੀਂ*)

### 1.5.1 ਉਪਸੰਹਾਰ

ਵਿਸ਼ੇ-ਵਸਤੂ ਦੀ ਦ੍ਰਿਸ਼ਟੀ ਤੋਂ 'ਮੈਂ ਹੁਣ ਵਿਦਾ ਹੁੰਦਾ ਹਾਂ' ਇਕ ਮਹੱਤਵਪੂਰਨ ਕਾਵਿ-ਰਚਨਾ ਹੈ। ਇਸ ਵਿਚ ਨਕਸਲਵਾਦੀ ਕਾਵਿ-ਧਾਰਾ ਦੇ ਸਾਰੇ ਪ੍ਰਮੁੱਖ ਲੱਛਣ ਦੇਖੇ ਜਾ ਸਕਦੇ ਹਨ। ਨਕਸਲਵਾਦੀ ਚਿੰਤਕਾਂ ਵਾਂਗ ਕਵੀ ਹਥਿਆਰਬੱਧ ਇਨਕਲਾਬ ਵਿਚ ਵਿਸ਼ਵਾਸ ਰਖਦਾ ਹੈ ਅਤੇ ਆਪਣੀਆਂ ਕਵਿਤਾਵਾਂ 'ਅਸੀਂ ਲੜਾਂਗੇ ਸਾਥੀ' 'ਯੁੱਧ ਤੇ ਸ਼ਾਂਤੀ', 'ਪ੍ਰਤੀਬੱਧਤਾ' ਆਦਿ ਵਿਚ ਉਸ ਨੇ ਯੁੱਧ ਦੇ ਸੰਕਲਪ ਨੂੰ ਬੜੇ ਪ੍ਰਭਾਵਸ਼ਾਲੀ ਰੂਪ ਵਿਚ ਪੇਸ਼ ਕੀਤਾ ਹੈ। ਇਨ੍ਹਾਂ ਰਚਨਾਵਾਂ ਵਿਚ ਉਸ ਨੇ ਦਰਸਾਇਆ ਹੈ ਕਿ ਯੁੱਧ ਲੜੇ ਤੋਂ ਬਗੈਰ ਕੋਈ ਪ੍ਰਾਪਤੀ ਨਹੀਂ ਹੁੰਦੀ। ਸ਼ਾਂਤੀ, ਐਵੇਂ ਬੁਜ਼ਦਿਲਾਂ ਵੱਲੋਂ ਅਪਣਾਇਆ ਅਤੇ ਪ੍ਰਚਾਰਿਆ ਗਿਆ ਅਰਥਹੀਣ ਸੰਕਲਪ ਹੈ। ਪਾਸ਼ ਨੇ ਆਪਣੀਆਂ ਕਵਿਤਾਵਾਂ ਵਿਚ ਇਸ ਤੱਥ ਦੀ ਪੇਸ਼ਕਾਰੀ ਵੀ ਕੀਤੀ ਹੈ ਕਿ ਸਰਮਾਏਦਾਰੀ ਨਿਜ਼ਾਮ ਵਿਚ ਵੋਟਾਂ ਵੀ ਲੋਕਤੰਤਰ ਦੇ ਨਾਂ ਉੱਤੇ ਲੋਕਾਂ ਦੀ ਲੁੱਟ-ਖਸੁੱਟ ਕਰਨ ਦਾ ਸਾਧਨ ਹਨ। ਪੈਦਾਵਾਰ ਦੇ ਸਾਧਨਾਂ ਉੱਤੇ ਸਰਮਾਏ ਦਾਰੀ ਵਰਗ ਦਾ ਕਬਜ਼ਾ ਹੋਣ ਕਾਰਨ ਚੋਣਾਂ ਵਿਚ ਵੀ ਇਹ ਵਰਗ ਲੋਕਾਂ ਨੂੰ ਧੋਖਾ ਦਿੰਦਾ ਹੈ। ਇਹ ਲੋਕ ਆਪਣੇ ਸਰਮਾਏ ਦੇ ਜ਼ੋਰ ਨਾਲ ਹਰ ਪੰਜਾਂ ਸਾਲਾਂ ਬਾਅਦ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਂਦੇ ਹਨ ਅਤੇ ਇਸ ਨਾਲ ਲੋਕਾਂ ਦੀ ਇਨਕਲਾਬੀ ਮਾਨਸਿਕਤਾ ਨੂੰ ਭ੍ਰਸ਼ਟ ਕਰ ਦਿੰਦੇ ਹਨ। ਉਹ ਉਨ੍ਹਾਂ ਸਿਆਸਤਦਾਨਾਂ ਉੱਪਰ ਵੀ ਵਿਅੰਗ ਕਰਦਾ ਹੈ ਜੋ ਬੜਾ ਪਿਆਰ ਜਤਲਾ ਕੇ ਲੋਕਾਂ ਪਾਸੋਂ ਵੋਟਾਂ ਪ੍ਰਾਪਤ ਕਰਦੇ ਹਨ, ਪਰੰਤੂ ਚੁਣੇ ਜਾਣ ਤੋਂ ਬਾਅਦ ਇਹੀ ਲੋਕ ਗ਼ਰੀਬਾਂ, ਕਿਰਸਾਨਾਂ ਅਤੇ ਮਜ਼ਦੂਰਾਂ ਦੇ ਵਿਰੁੱਧ ਕਾਲੇ ਕਾਨੂੰਨ ਬਣਾਉਂਦੇ ਹਨ। ਉਨ੍ਹਾਂ ਨੂੰ ਕੁੱਟਦੇ, ਮਾਰਦੇ ਅਤੇ ਉਨ੍ਹਾਂ ਦਾ ਸ਼ੋਸ਼ਣ ਕਰਦੇ ਹਨ। ਪਾਸ਼ ਦਾ ਗੁੱਸਾ ਅਜਿਹੇ ਸਮਾਜਿਕ ਢਾਂਚੇ ਦੇ ਵਿਰੁੱਧ ਵੀ ਹੈ, ਜੋ ਆਰਥਿਕ ਨਾਬਰਾਬਰੀ ਅਤੇ ਸਮਾਜਿਕ ਅਨਿਆਇ ਦੀਆਂ ਨੀਹਾਂ ਉੱਪਰ ਉਸਰਿਆ ਹੈ। ਜਿਸ ਵਿਚ ਐਵੇਂ ਨਾਮ ਦੀ ਆਜ਼ਾਦੀ ਹੈ, ਝੂਠਾ-ਮੂਠਾ ਸਮਾਜਵਾਦ ਦਾ ਨਾਅਰਾ ਹੈ ਅਤੇ ਹੋਰ ਵੀ ਕਿੰਨਾ ਕੁਝ। ਸਭਿਆਚਾਰਕ ਅਤੇ ਸਦਾਚਾਰਕ ਕੀਮਤਾਂ ਵਿਚ ਗਿਰਾਵਟ, ਚਗਲੇ ਹੋਏ ਵਾਦਾਂ ਦਾ ਬੋਲ-ਬਾਲਾ ਅਤੇ ਨੌਜਵਾਨ ਪੀੜ੍ਹੀ ਦੇ ਪਤਨ ਦੇ ਕਾਰਨ ਵੀ ਇਸ ਸਮਾਜਿਕ ਢਾਂਚੇ ਅੰਦਰ ਕਿਤੇ-ਨਾ-ਕਿਤੇ ਛਿਪੇ ਹੋਏ ਹਨ। ਪਾਸ਼ ਵੱਲੋਂ ਅਪਣਾਇਆ ਇਹ ਕੁੜੱਤਣ-ਭਰਿਆ ਵਤੀਰਾ ਸਾਡੇ ਵਿਚੋਂ ਬਹੁਤਿਆਂ ਨੂੰ ਸ਼ਾਇਦ ਉਲਾਰ ਲੱਗੇ, ਪਰ ਜਦੋਂ ਅਸੀਂ ਪਾਸ਼ ਦੇ ਆਪਣੇ ਅਨੁਭਵ ਦੀ ਤੀਬਰਤਾ, ਵਿਸ਼ਾਲਤਾ, ਸਾਰਥਕਤਾ ਅਤੇ ਉਸ ਦੇ ਅਨੁਭਵ ਵਿਚ ਤਲਖੀਆਂ ਅਤੇ ਜ਼ੁਲਮ ਸਹਿਣ ਦੀ ਸਿੱਦਤ ਨੂੰ ਵੇਖਦੇ ਹਾਂ ਤਾਂ ਇਹ ਨਿੱਕੀਆਂ-ਨਿੱਕੀਆਂ ਛੋਟਾਂ ਭਾਲਣ ਦੀ ਸਾਨੂੰ ਉਸ ਪਾਸੋਂ ਆਸ ਨਹੀਂ ਰਖਣੀ ਚਾਹੀਦੀ। ਇਸ ਪ੍ਰਕਾਰ ਪਾਸ਼ ਦੀ ਸਮਾਜਿਕ ਸੂਝ ਅਤੇ ਰਾਜਨੀਤਿਕ ਚੇਤਨਾ ਅਨੁਸਾਰ ਮਨੁੱਖ ਦੀ ਮੁਕਤੀ ਦਾ ਰਾਹ ਜੀਵਨ ਦੇ ਆਦਰਸ਼ਾਂ ਲਈ ਜੱਦੋ-ਜਹਿਦ ਜਾਂ ਯੁੱਧ ਲੜਨ ਵਿਚ ਪਿਆ ਹੈ। ਮਨੁੱਖੀ ਜੀਵਨ ਦਾ ਸਭ ਤੋਂ ਖ਼ਤਰਨਾਕ ਅਤੇ ਖੌਫ਼ਨਾਕ ਪਲ ਉਹ ਹੁੰਦਾ ਹੈ, ਜਦੋਂ ਉਹ ਸੰਤੁਸ਼ਟ ਹੋ ਕੇ ਬੈਠ ਜਾਂਦਾ ਹੈ। ਬਕੌਲ ਪਾਸ਼ :

ਕਿਰਤ ਦੀ ਲੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਪੁਲਸ ਦੀ ਕੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਸਭ ਤੋਂ ਖ਼ਤਰਨਾਕ ਹੁੰਦਾ ਹੈ
ਮੁਰਦਾ ਸ਼ਾਂਤੀ ਨਾਲ ਭਰ ਜਾਣਾ

ਨਾ ਹੋਣਾ ਤੜਪ ਦਾ ਸਭ ਸਹਿਣ ਕਰ ਜਾਣਾ
ਸਭ ਤੋਂ ਖ਼ਤਰਨਾਕ ਹੁੰਦਾ ਹੈ
ਸਾਡੇ ਸੁਪਨਿਆਂ ਦਾ ਮਰ ਜਾਣਾ।

## ਸਹਾਇਕ ਪੁਸਤਕ ਸੂਚੀ


1. ਪਾਸ਼, *ਲੋਹ ਕਥਾ,* ਲਾਹੌਰ ਬੁਕ ਸ਼ਾਪ, ਲੁਧਿਆਣਾ, 1970.
2. ਪਾਸ਼, *ਉੱਡਦੇ ਬਾਜਾਂ ਮਗਰ,* ਲਾਹੌਰ ਬੁਕ ਸ਼ਾਪ, ਲੁਧਿਆਣਾ, 1974.
3. ਪਾਸ਼, *ਸਾਡੇ ਸਮਿਆਂ ਵਿਚ,* ਲਾਹੌਰ ਬੁਕ ਸ਼ਾਪ, ਲੁਧਿਆਣਾ, 1978.
4. ਅਮਰਜੀਤ ਸਿੰਘ ਚੰਦਨ, *ਖਿਲਰੇ ਹੋਏ ਵਰਕੇ* (ਸੰਪਾਦਨ), ਲੋਹ ਕਥਾ ਪ੍ਰਕਾਸ਼ਨ, 1989.
5. ਮੈਂ ਹੁਣ ਵਿਦਾ ਹੁੰਦ ਹਾਂ (ਚੋਣਵੀ ਕਵਿਤਾ) ਸੰਪਾਦਕ, ਰਾਜਿੰਦਰ ਪਾਲ ਸਿੰਘ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2011
6. *ਆਪਣੇ ਆਪ ਨਾਲ ਗੱਲਾਂ* (ਪਾਸ਼ ਦੀ ਡਾਇਰੀ), ਲੋਹ ਕਥਾ ਪ੍ਰਕਾਸ਼ਨ, 1991.
7. ਬਲਜੀਤ ਕੌਰ, ਡਾ., *ਆਧੁਨਿਕ ਪੰਜਾਬੀ ਕਾਵਿ : ਸੁਹਜ ਦ੍ਰਿਸ਼ਟੀ,* ਦੀਪਕ ਪਬਲਿਸ਼ਰਜ਼, ਮਾਈ ਹੀਰਾਂ ਗੇਟ, ਜਲੰਧਰ, 1986.
8. ਤੇਜਵੰਤ ਸਿੰਘ ਗਿੱਲ, ਡਾ., *ਪਾਸ਼ : ਜੀਵਨ ਤੇ ਰਚਨਾ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.


## ਅਭਿਆਸ ਲਈ ਪ੍ਰਸ਼ਨ

1. 'ਸਾਡੇ ਸਮਿਆਂ ਵਿਚ' ਦੇ ਆਧਾਰ ਤੇ ਪਾਸ਼ ਦੀ ਨਵਪ੍ਰਗਤੀਵਾਦੀ-ਜੁਝਾਰ ਵਿਚਾਰਧਾਰਾ ਉੱਤੇ ਇਕ ਨੋਟ ਲਿਖੋ।
2. ਪਾਸ਼ ਦੇ ਕਾਵਿ ਵਿਚ ਕਿਹੜੇ-ਕਿਹੜੇ ਸਮਾਜਿਕ-ਰਾਜਨੀਤਿਕ ਸਰੋਕਾਰ ਉਜਾਗਰ ਹੁੰਦੇ ਹਨ? ਆਪਣੇ ਸ਼ਬਦਾਂ ਵਿਚ ਬਿਆਨ ਕਰੋ।
3. ਪਾਸ਼ ਦੇ ਕਾਵਿ ਸੰਗ੍ਰਹਿ 'ਸਾਡੇ ਸਮਿਆਂ ਵਿਚ' ਦੀ ਅੰਤਰਮੁਖਤਾ ਦੇ ਕਾਰਨਾਂ ਅਤੇ ਦਿਸ਼ਾਵਾਂ ਉੱਤੇ ਇਕ ਆਲੋਚਨਾਤਮਕ ਨੋਟ ਲਿਖੋ।

ਪਾਠ ਨੰਬਰ : 2.3 ਲੇਖਕ : ਪ੍ਰੋ. ਬ੍ਰਹਮ ਜਗਦੀਸ਼ ਸਿੰਘ

# 'ਮੈਂ ਹੁਣ ਵਿਦਾ ਹੁੰਦਾ ਹਾਂ' ਦਾ ਰੂਪ ਪੱਖ ਅਤੇ ਕਾਵਿ-ਜੁਗਤ

## 1.1 ਮੰਤਵ

ਕਵਿਤਾ ਇਕ ਸਿਰਜਨਾਤਮਕ ਕਲਾ ਹੈ। ਇਸ ਕਲਾ ਵਿਚ ਵਿਸ਼ਾ ਅਤੇ ਰੂਪ ਇਕੱਠੇ ਅਤੇ ਇਕੋ ਸਮੇਂ ਜਨਮ ਲੈਂਦੇ ਹਨ। ਕਾਵਿ-ਕਲਾ ਦਾ ਵਿਸ਼ਲੇਸ਼ਣ ਅਤੇ ਮੁਲੰਕਣ ਕਰਨ ਸਮੇਂ ਜਿਥੇ ਕਵਿਤਾ ਵਿਚ ਪੇਸ਼ ਹੋਣ ਵਾਲੇ ਵਿਸ਼ੇ ਦੀ ਮੌਲਿਕਤਾ, ਸਾਰਥਿਕਤਾ ਅਤੇ ਮਹੱਤਵ ਬਾਰੇ ਵਿਚਾਰ ਕੀਤੀ ਜਾਂਦੀ ਹੈ, ਉੱਥੇ ਕਵਿਤਾ ਦੇ ਰੂਪ ਪੱਖ ਅਤੇ ਇਸ ਵਿਚ ਵਰਤੀਆਂ ਗਈਆਂ ਕਾਵਿ-ਜੁਗਤਾਂ ਦਾ ਅਧਿਐਨ-ਵਿਸ਼ਲੇਸ਼ਣ ਵੀ ਬੜਾ ਜ਼ਰੂਰੀ ਹੈ। ਕਵਿਤਾ ਕਿਸੇ ਸੂਚਨਾ-ਪ੍ਰਬੰਧ ਦਾ ਹੀ ਨਾਮ ਨਹੀਂ, ਨਾ ਇਹ ਕੋਈ ਉਪਦੇਸ਼ਾਤਮਕ ਪ੍ਰਵਚਨ ਹੈ, ਬਲਕਿ ਇਹ ਇਕ ਕਲਾ-ਕਿਰਤ ਹੈ। ਕਿਸੇ ਵੀ ਕਲਾ-ਕਿਰਤ ਬਾਰੇ ਕੋਈ ਨਿਰਣਾ ਦੇਣ ਸਮੇਂ ਉਸ ਦੇ ਰੂਪ-ਪੱਖ ਅਤੇ ਸ਼ਿਲਪ-ਪ੍ਰਬੰਧ ਦਾ ਵੀ ਅਧਿਐਨ ਕਰਨਾ ਪੈਂਦਾ ਹੈ। ਹਥਲੇ ਪਾਠ ਵਿਚ ਅਸੀਂ ਪਾਸ਼ ਦੇ ਕਾਵਿ ਦੀਆਂ ਕੁਝ ਪ੍ਰਮੁੱਖ ਬ੍ਰਿਤਾਂਤ ਜੁਗਤਾਂ — ਅਲੰਕਾਰ, ਬਿੰਬ ਅਤੇ ਸ਼ਬਦ-ਭੰਡਾਰ ਦਾ ਲੇਖਾ-ਜੋਖਾ ਕਰਾਂਗੇ, ਤਾਂ ਜੋ ਵਿਦਿਆਰਥੀ ਕਾਵਿ ਰਚਨਾ ਦੇ ਰੂਪ-ਪੱਖ ਬਾਰੇ ਚੇਤੰਨ ਹੋ ਸਕਣ। ਪਾਸ਼ ਦੀਆਂ ਕਵਿਤਾਵਾਂ ਦੇ ਕਲਾ-ਪੱਖ ਦਾ ਵਿਸ਼ਲੇਸ਼ਣ ਹਥਲੇ ਪਾਠ ਦਾ ਮੁੱਖ ਮੰਤਵ ਹੈ।

## 1.2 ਰੂਪ-ਰੇਖਾ

ਕਾਵਿ ਦੇ ਰੂਪ-ਪੱਖ ਦਾ ਅਧਿਐਨ-ਵਿਸ਼ਲੇਸ਼ਣ ਕਰਨ ਦੀਆਂ ਕਈ ਵਿਧੀਆਂ ਹਨ। ਇਕ ਵਿਧੀ ਅਨੁਸਾਰ ਕਾਵਿ ਦੇ ਸ਼ਿਲਪਗਤ ਪਹਿਲੂਆਂ— ਬਿੰਬ, ਅਲੰਕਾਰ, ਛੰਦ ਅਤੇ ਭਾਸ਼ਾ ਸ਼ੈਲੀ ਦੇ ਅਧਿਐਨ ਦੁਆਰਾ ਕਾਵਿ ਦੇ ਰੂਪ-ਪੱਖ ਬਾਰੇ ਨਿਰਣਾ ਦਿੱਤਾ ਜਾਂਦਾ ਹੈ। ਕੋਈ ਹੋਰ ਸੁਹਜ-ਸੰਸਾਰ ਨੂੰ ਆਪਣੇ ਅਧਿਐਨ ਦੀ ਮੁੱਖ ਲੋੜ ਮੰਨਦਾ ਹੈ। ਭਾਰਤੀ ਕਾਵਿ ਸ਼ਾਸਤਰ ਅਨੁਸਾਰ ਰਸ, ਧੁਨੀ ਅਤੇ ਅਲੰਕਾਰ ਆਦਿ ਨੂੰ ਕਾਵਿ ਦੀ ਆਤਮਾ ਮੰਨਿਆ ਗਿਆ ਹੈ। ਪ੍ਰਤੀਕਵਾਦੀ, ਪ੍ਰਤੀਕ ਯੋਜਨਾਵਾਂ ਨੂੰ ਕਾਵਿ-ਸ਼ਿਲਪ ਦਾ ਸਭ ਤੋਂ ਉਜਾਗਰ ਅਤੇ ਪ੍ਰਮੁੱਖ ਪਹਿਲੂ ਮੰਨਦੇ ਹਨ। ਅਸੀਂ ਕੋਸ਼ਿਸ਼ ਕਰਾਂਗੇ ਕਿ ਵਿਦਿਆਰਥੀਆਂ ਨੂੰ ਉਨ੍ਹਾਂ ਸਾਰੇ ਤੱਤਾਂ ਅਤੇ ਵਿਧੀਆਂ ਦੀ ਜਾਣਕਾਰੀ ਕਰਵਾਈ ਜਾਵੇ, ਜਿਨ੍ਹਾਂ ਦੁਆਰਾ ਵਸਤੂ-ਸਾਮੱਗਰੀ ਇਕ ਉੱਤਮ ਕਵਿਤਾ ਦੇ ਰੂਪ ਵਿਚ ਪੇਸ਼ ਹੁੰਦੀ ਹੈ।

### 1.3.1 ਕਾਵਿ-ਵਿਧੀਆਂ

ਪਾਸ਼ ਦੀ ਕਾਵਿ-ਸਾਮੱਗਰੀ ਇਕ ਤਣਾਉ ਦੇ ਨਿਰਮਾਣ ਦੁਆਰਾ ਕਵਿਤਾ ਦਾ ਰੂਪ ਧਾਰਣ ਕਰਦੀ ਹੈ। ਇਹ ਤਣਾਉ, ਰੂਪ ਦੇ ਪੱਧਰ ਮੈਂ+ਅਸੀਂ ਬਨਾਮ ਤੁਸੀਂ+ਉਹ ਦੇ ਵਿਰੋਧ ਵਿਚੋਂ ਪ੍ਰਗਟ ਹੁੰਦਾ ਹੈ।

ਮੈਂ+ਅਸੀਂ —— ਤੁਸੀਂ+ਉਹ

ਮੈਂ+ਅਸੀਂ ਦੇ ਖੇਤਰ ਵਿਚ ਉਹ ਸਾਰੇ ਵਿਅਕਤੀ ਆ ਜਾਂਦੇ ਹਨ ਜੋ ਨਕਸਲਵਾਦੀ ਵਿਚਾਰਧਾਰਾ ਦਾ ਸਮਰਥਨ ਕਰਦੇ ਹਨ। ਇਨ੍ਹਾਂ ਵਿਚ ਉਹ ਪਾਠਕ ਅਤੇ ਸਰੋਤੇ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਪ੍ਰੇਰ ਕੇ ਕਵੀ ਇਨਕਲਾਬ ਲਈ ਇਕ ਗੁਰੀਲਾ ਦਸਤਾ ਤਿਆਰ ਕਰਨਾ ਚਾਹੁੰਦਾ ਹੈ। ਅਜਿਹੇ ਵਿਅਕਤੀਆਂ ਦੀ ਧਾਰਣਾ ਹੈ ਕਿ ਇਨਕਲਾਬ ਤੋਂ ਬਿਨ੍ਹਾਂ ਮੌਜੂਦਾ ਵਿਵਸਥਾ ਨੂੰ ਬਦਲਿਆ ਨਹੀਂ ਜਾ ਸਕਦਾ। ਤਬਦੀਲੀ ਸਮੇਂ ਦੀ ਮੰਗ ਹੈ, ਕਿਉਂਕਿ ਯਥਾਸਥਿਤੀ ਪਿੰਡਾਂ-ਕਸਬਿਆਂ ਵਿਚ ਰਹਿਣ ਵਾਲੇ ਕਿਸਾਨਾਂ, ਸੀਰੀਆਂ ਅਤੇ ਖੇਤ-ਮਜ਼ਦੂਰਾਂ ਦੇ ਹਿੱਤਾਂ ਵਿਰੁੱਧ ਭੁਗਤ ਰਹੀ ਹੈ। ਇਸ ਤਬਦੀਲੀ ਵਾਸਤੇ ਗੁਰੀਲਾ ਯੁੱਧ ਦੀ ਜ਼ਰੂਰਤ ਹੈ ਅਤੇ ਨੌਜਵਾਨਾਂ ਨੂੰ ਇਸ ਯੁੱਧ ਲਈ ਤਤਪਰ ਹੋ ਜਾਣਾ ਚਾਹੀਦਾ ਹੈ।

1.3.2 'ਤੁਸੀਂ + ਉਹ' ਵਾਲੇ ਪਾਸੇ ਜਾਗੀਰਦਾਰ, ਵੱਡੇ ਜ਼ਿੰਮੀਦਾਰ, ਪੁਲਿਸ, ਰਾਜਸੀ ਨੇਤਾ, ਵੱਢੀਖੋਰ ਅਫ਼ਸਰ ਅਤੇ ਸੁਆਰਥੀ ਮੁਲਾਜ਼ਮ ਆਦਿ ਲੋਕ ਖੜੋਤੇ ਹਨ। ਇਨ੍ਹਾਂ ਦਾ ਹਿੱਤ ਇਸੇ ਗੱਲ ਵਿਚ ਸੁਰੱਖਿਅਤ ਹੈ ਕਿ ਜਿਵੇਂ ਚੱਲ ਰਿਹਾ ਹੈ, ਉਸੇ ਤਰ੍ਹਾਂ ਚੱਲਦਾ ਰਹੇ। ਜਾਗੀਰਦਾਰ ਅਤੇ ਵੱਡੇ ਜ਼ਿੰਮੀਦਾਰ, ਪੁਲਿਸ, ਵੱਢੀਖੋਰ ਅਫ਼ਸਰਾਂ ਅਤੇ ਰਾਜਸੀ ਨੇਤਾਵਾਂ ਨਾਲ ਮਿਲ ਕੇ ਦੇਸ਼ ਦੀ ਸੰਪਤੀ ਉਤੇ ਡਾਕੇ ਮਾਰਦੇ ਰਹਿਣ। ਉਨ੍ਹਾਂ ਨੂੰ ਰੋਕਣ-ਟੋਕਣ ਵਾਲਾ ਅਤੇ ਉਨ੍ਹਾਂ ਦੇ ਵਿਰੁੱਧ ਬੋਲਣ ਵਾਲਾ ਕੋਈ ਸਖਸ਼ ਨਾ ਹੋਵੇ। ਜੇ ਕੋਈ ਉਨ੍ਹਾਂ ਦੇ ਵਿਰੁੱਧ ਬੋਲਣ ਦੀ ਜ਼ੁਰਅਤ ਕਰੇ ਤਾਂ ਕਿਸੇ ਨਾ ਕਿਸੇ ਕਾਨੂੰਨ ਦੀ ਆੜ ਲੈ ਕੇ ਉਸ ਨੂੰ ਪੁਲਿਸ ਤੋ ਕੁਟਵਾਇਆ (ਅਪਮਾਨਿਤ ਕਰਵਾਇਆ) ਜਾਵੇ, ਉਸ ਨੂੰ ਜੇਲ੍ਹ ਦੀਆਂ ਕਾਲ-ਕੋਠੜੀਆਂ ਵਿਚ ਬੰਦ ਕਰਵਾ ਦਿੱਤਾ

ਜਾਵੇ ਅਤੇ ਜੇ ਉਹ ਇਸ ਦੇ ਬਾਵਜੂਦ ਉਨ੍ਹਾਂ ਦੇ ਮਨ-ਇੱਛਿਤ 'ਸਿੱਧੇ ਰਸਤੇ' ਉੱਤੇ ਨਾ ਆਵੇ ਤਾਂ ਪੁਲਿਸ-ਮੁਕਾਬਲਾ ਬਣਾ ਕੇ ਉਸ ਨੂੰ ਖ਼ਤਮ ਕਰ ਦਿੱਤਾ ਜਾਵੇ। ਇਹ ਬੁਨਿਆਦੀ ਵਿਰੋਧ ਪਾਸ਼ ਦੀ ਹਰ ਕਵਿਤਾ ਵਿਚ ਕਾਵਿ-ਕਰਮ ਨੂੰ ਹਕੀਕੀ ਰੂਪ ਪ੍ਰਦਾਨ ਕਰਦਾ ਹੈ, ਦੇਖੋ :

ਜੇ ਦੇਸ਼ ਦੀ ਸੁਰੱਖਿਅਤਾ ਏਹੋ ਹੁੰਦੀ ਹੈ
ਕਿ ਬੇਜ਼ਮੀਰੀ ਜ਼ਿੰਦਗੀ ਲਈ ਸ਼ਰਤ ਬਣ ਜਾਵੇ
ਅੱਖ ਦੀ ਪੁਤਲੀ 'ਚ 'ਹਾਂ' ਤੋਂ ਬਿਨਾਂ ਕੋਈ ਵੀ ਸ਼ਬਦ ਅਸ਼ਲੀਲ ਹੋਵੇ
ਤੇ ਮਨ ਬਦਕਾਰ ਘੜੀਆਂ ਸਾਹਮਣੇ ਡੰਡੌਤ 'ਚ ਝੁਕਿਆ ਰਹੇ
ਤਾਂ ਸਾਨੂੰ ਦੇਸ਼ ਦੀ ਸੁਰੱਖਿਅਤਾ ਤੋਂ ਖ਼ਤਰਾ ਹੈ।....
ਜੇ ਦੇਸ਼ ਦੀ ਸੁਰੱਖਿਅਤਾ ਏਹੋ ਹੁੰਦੀ ਹੈ
ਕਿ ਹਰ ਹੜਤਾਲ ਨੂੰ ਫ਼ੇਹ ਕੇ ਅਮਨ ਨੂੰ ਰੰਗ ਚੜ੍ਹਨਾ ਹੈ
ਕਿ ਸੂਰਮਗਤੀ ਬੱਸ ਹੱਦਾਂ ਤੇ ਮਰ ਪਰਵਾਨ ਚੜ੍ਹਨੀ ਹੈ
ਕਲਾ ਦਾ ਫੁੱਲ ਬੱਸ ਰਾਜੇ ਦੀ ਖਿੜਕੀ ਵਿਚ ਖਿੜਨਾ ਹੈ
ਅਕਲ ਨੇ ਹੁਕਮ ਦੇ ਖੂਹੇ ਤੇ ਗਿੜ ਕੇ ਧਰਮ ਸਿੰਜਣੀ ਹੈ
ਤਾਂ ਸਾਨੂੰ ਦੇਸ਼ ਦੀ ਸੁਰੱਖਿਅਤਾ ਤੋਂ ਖ਼ਤਰਾ ਹੈ।

(*ਆਪਣੀ ਸੁਰੱਖਿਆ 'ਚੋਂ*)

1.3.2 ਪਾਸ਼ ਦੀ ਇਕ ਹੋਰ ਪ੍ਰਮੁੱਖ ਕਾਵਿ-ਜੁਗਤ ਵਿਅੰਗ-ਵਿਧੀ (satire) ਦਾ ਪ੍ਰਯੋਗ ਕਰਨਾ ਹੈ। ਉਹ ਗ਼ਲਤ ਅਤੇ ਅਨੁਚਿਤ ਨੂੰ ਇਨ੍ਹਾਂ ਨਾਵਾਂ ਨਾਲ ਸੰਬੋਧਨ ਕਰਕੇ ਹੀ ਸੰਤੁਸ਼ਟ ਨਹੀਂ ਹੋ ਜਾਂਦਾ, ਬਲਕਿ ਸਮਾਜ ਵਿਚ ਜਿਹੜੇ ਲੋਕ ਗ਼ਲਤ ਅਤੇ ਅਨੁਚਿਤ ਕੰਮ ਕਰਨ ਲਈ ਜ਼ਿੰਮੇਵਾਰ ਹਨ, ਉਨ੍ਹਾਂ ਦੀ ਖਿੱਲੀ ਵੀ ਉਡਾਉਂਦਾ ਹੈ। ਇਹ ਵਿਧੀ ਪੰਜਾਬੀ ਕਾਵਿ ਦੀ ਪਰੰਪਰਾ ਵਿਚ ਸ਼ੇਖ ਫ਼ਰੀਦ, ਗੁਰੂ ਨਾਨਕ, ਬੁਲ੍ਹੇ ਸ਼ਾਹ ਅਤੇ ਵਾਰਿਸ ਸ਼ਾਹ ਵਰਗੇ ਕਵੀਆਂ ਨੇ ਬੜੀ ਸਫ਼ਲਤਾ ਨਾਲ ਵਰਤੀ ਹੈ। ਬੁਲ੍ਹੇ ਸ਼ਾਹ ਲਿਖਦਾ ਹੈ — ਬੁਲ੍ਹਿਆ ਤੈਨੂੰ ਕਾਫ਼ਰ ਕਾਫ਼ਰ ਆਖਦੇ ਤੂੰ ਆਹੋ-ਆਹੋ ਆਖ। ਭਾਈ ਗੁਰਦਾਸ ਦੀਆਂ ਹੇਠ ਲਿਖਤ ਕਾਵਿ-ਪੰਕਤੀਆਂ ਵਿਚ ਵੀ ਵਿਅੰਗ ਦਾ ਕਿਤਨਾ ਕਾਰਗਰ ਪ੍ਰਯੋਗ ਹੋਇਆ ਹੈ :

ਗਿਦੜ ਦਾਖ ਨਾ ਅਪੜੈ ਆਖੈ ਥੂਹ ਕਉੜੀ।।
ਨਚਣ ਨਚਿ ਨਾ ਜਾਣਈ ਆਖੈ ਭੁਇੰ ਸਉੜੀ।।
ਬੋਲੈ ਅਗੈ ਗਾਵੀਐ ਭੈਰਉ ਸੋ ਗਉੜੀ।।
ਹੰਸਾ ਨਾਲ ਟਟੀਹਰੀ ਕਿਉ ਪਹੁਚੈ ਦਉੜੀ।।

(ਵਾਰ 34, ਪਉੜੀ 6)

1.3.3 ਵਿਅੰਗ ਯਥਾਰਥ ਤੱਕ ਪਹੁੰਚਾਉਣ ਵਾਲਾ ਸਭ ਤੋਂ ਨੇੜੇ ਦਾ ਰਾਹ ਹੈ। ਹਾਵਰਡ ਫ਼ਾਸਟ ਲਿਖਦਾ ਹੈ, "Satire is a short-cut to reality." ਵਿਅੰਗ-ਵਿਧੀ ਦੇ ਪ੍ਰਯੋਗ ਨਾਲ ਖਲਨਾਇਕ ਦਾ ਪੂਰਾ ਚਰਿੱਤਰ ਉਜਾਗਰ ਹੋ ਜਾਂਦਾ ਹੈ ਅਤੇ ਵਿਅੰਗਕਾਰ ਅਤਿਭਾਵੁਕਤਾ ਦੇ ਦੋਸ਼ ਤੋਂ ਵੀ ਬਚਿਆ ਰਹਿੰਦਾ ਹੈ। ਭਾਰਤੀ ਕਾਵਿ-ਸ਼ਾਸਤਰ ਦੇ ਸਿਰਜਕਾਂ ਵਿਚ ਆਚਾਰੀਆ ਆਨੰਦ ਵਰਧਨ ਨੇ ਵਿਅੰਗ-ਕਾਵਿ ਨੂੰ ਉੱਤਮ ਕਾਵਿ ਦੀ ਸੰਗਿਆ ਦਿੱਤੀ ਸੀ। ਪਾਸ਼ ਵੀ ਵਿਅੰਗ ਦੀ ਤੇਜ਼ ਧਾਰ ਵਾਲੇ ਗੁਣ-ਲੱਛਣ ਤੋਂ ਭਲੀ-ਭਾਂਤ ਪਰਿਚਿਤ ਹੈ। ਇਸ ਲਈ ਉਹ ਜਾਗੀਰਦਾਰਾਂ, ਸਰਮਾਏਦਾਰਾਂ, ਸੱਤਾਧਾਰੀਆਂ ਅਤੇ ਰਿਸ਼ਵਤਖੋਰ ਕਰਮਚਾਰੀਆਂ ਦੇ ਚਰਿੱਤਰ ਨੂੰ ਵਿਅੰਗ-ਵਿਧੀ ਦੇ ਪ੍ਰਯੋਗ ਦੁਆਰਾ ਉਭਾਰਦਾ ਹੈ, ਦੇਖੋ :

ਕਲ੍ਹ ਵੀ ਸਾਨੂੰ ਰਿਹਾ ਯਕੀਨ
ਕਿ ਮਥਰਾ ਦਾ ਰਾਜ ਸੱਚਮੁਚ ਸੁਦਾਮੇ ਦਾ
ਮਿੱਤਰ ਹੀ ਹੋਵੇਗਾ ਨਹੀਂ ਤਾਂ
ਪੈਰ ਧੋ ਕੇ ਕਿਉਂ ਪੀਂਦਾ - (*ਕਲ੍ਹ*)

ਕਾਸ਼ ਮੈਂ ਮਾਣੀ ਨਾ ਹੁੰਦੀ ਸਿਰੇ ਦੀ ਖ਼ੌਫ਼ਨਾਕ ਨਿਰਲੇਪਤਾ
ਜੋ ਫਾਈਲਾਂ ਚੁਕਦੇ ਨਾਇਬ ਕੋਰਟ ਦੇ
ਮੂੰਹ ਤੇ ਟਪਕਦੀ ਸੀ

ਕਾਸ਼ ਮੈਨੂੰ ਉਸ ਤਰ੍ਹਾਂ ਦੀ ਨੀਂਦ ਦਾ ਅੰਦਾਜ਼ਾ ਨਾ ਹੁੰਦਾ
ਜਿਦ੍ਹੇ ਵਿਚ ਲੋਚ ਤੋਂ ਪਹਿਲਾਂ ਅਤੇ ਮਗਰੋਂ
ਜੱਜ ਤਰਦੇ ਨੇ।

(*ਕਾਮਰੇਡ ਨਾਲ ਗੱਲ-ਬਾਤ- ਤਿੰਨ*)

1.3.4 ਪਾਸ਼ ਲਈ ਸਾਡਾ ਸਮੁੱਚਾ ਸਮਕਾਲੀ ਪਰਿਵੇਸ਼ ਹੀ ਮਨੁੱਖਤਾ ਦੇ ਵਿਰੁੱਧ ਹੋ ਰਹੇ ਗੁਨਾਹਾਂ ਲਈ ਜ਼ਿੰਮੇਵਾਰ ਹੈ। ਕੇਵਲ ਸੱਤਾਧਾਰੀ, ਜਾਗੀਰਦਾਰੀ ਅਤੇ ਰਿਸ਼ਵਤਖੋਰ ਅਫ਼ਸਰ ਹੀ ਸਾਡੇ ਸਮਾਜਿਕ-ਰਾਜਨੀਤਿੱਕ ਪ੍ਰਬੰਧ ਦੇ ਪਤਨ ਲਈ ਜ਼ਿੰਮੇ ਵਾਰ ਨਹੀਂ ਹਨ। ਬਲਕਿ ਉਹ ਲੋਕ ਵੀ ਇਸ ਗੁਨਾਹ ਵਿਚ ਬਰਾਬਰ ਦੇ ਭਾਈਵਾਲ ਹਨ ਜੋ ਇਨ੍ਹਾਂ ਗੁਨਾਹਾਂ ਅਤੇ ਜ਼ੁਲਮਾਂ ਦੇ ਵਿਰੁੱਧ ਕੁਝ ਕਹਿੰਦੇ ਨਹੀਂ, ਖਾਮੋਸ਼ ਰਹਿੰਦੇ ਹਨ। ਇਸ ਖਾਮੋਸ਼ੀ ਨੇ ਉਕਤ ਮਾਨਵਤਾ ਵਿਰੋਧੀਆਂ ਨੂੰ ਇਕ ਲੁਪਤ ਸ਼ਕਤੀ ਪ੍ਰਦਾਨ ਕੀਤੀ ਹੋਈ ਹੈ ਅਤੇ ਉਹ ਇਸ ਲੁਪਤ ਸ਼ਕਤੀ ਦਾ ਨਾਜਾਇਜ਼ ਫਾਇਦਾ ਉਠਾਉਂਦੇ ਹਨ। ਪਾਸ਼ ਸਾਡੇ ਸਭਿਆਚਾਰ ਦੀਆਂ ਉਨ੍ਹਾਂ ਰਵਾਇਤਾਂ ਨੂੰ ਵੀ ਨਹੀਂ ਬਖਸ਼ਦਾ, ਜਿਹੜੀਆਂ ਮਨੁੱਖਤਾ ਦੀ ਵਿਜੈ ਜਾਂ ਉਸ ਦੇ ਸੁਨਹਿਰੀ ਭਵਿੱਖ ਵਿਚ ਝੂਠੀ ਆਸ਼ਾ ਬਨਾਉਂਦੀਆਂ ਹਨ। ਉਹ ਸਾਡੇ ਲੋਕਯਾਨਿਕ ਵਿਰਸੇ—ਕਵਿਤਾ, ਕਹਾਣੀਆਂ ਅਤੇ ਕਹਾਵਤਾਂ ਉਪਰ ਵੀ ਜ਼ੋਰਦਾਰ ਪ੍ਰਹਾਰ ਕਰਦਾ ਹੈ, ਦੇਖੋ :

ਮੇਰੇ ਕੋਲ ਤੀਰ ਹੁਣ ਕਾਗਜ਼ ਦੇ ਹਨ
ਜੋ ਪੰਜਾਂ ਸਾਲਾਂ ਵਿਚ ਇਕੋ ਹੀ ਚਲਦਾ ਹੈ
ਤੇ ਜੀਹਦੇ ਵੱਜਦਾ ਹੈ, ਉਹ ਪਾਣੀ ਨਹੀਂ
ਮੇਰਾ ਲਹੂ ਮੰਗਦਾ ਹੈ।
ਮੇਰੇ ਪਿਓ ਦਾਦੇ ਨੇ ਆਪਣਾ ਖੱਟਿਆ
ਹਾਕਮਾਂ ਦੇ ਢਿੱਡ 'ਚ ਪਾਇਆ ਸੀ
ਅਤੇ ਤੂੰ ਜਾਣਦੀ ਏਂ
ਅਗਲੇ ਬਾਘ ਹਨ— ਬੱਕੀ ਨਹੀਂ
ਕਿ ਸਾਨੂੰ ਦਾਨਾਬਾਦ ਪਹੁੰਚਾਣ ਜਾਵਣ।

(*ਕਲਾਮ ਮਿਰਜ਼ਾ* )

ਚਿੜੀਆਂ ਦਾ ਚੰਬਾ ਉੱਡ ਕੇ ਕਿਤੇ ਨਹੀਂ ਜਾਵੇਗਾ
ਐਥੇ ਹੀ ਕਿਤੇ ਉਰੇ ਪਰ੍ਹੇ ਬੰਨਿਆਂ ਤੋਂ ਘਾਹ ਖੋਤੇਗਾ।
ਰੁੱਖੀਆਂ-ਮਿਸੀਆਂ ਰੋਟੀਆਂ ਢੋਹਿਆ ਕਰੇਗਾ।
ਤੇ ਮੈਲੀਆਂ ਚੁੰਨੀਆਂ ਭਿਉਂ ਕੇ
ਲੋਆਂ ਨਾਲ ਲੂਸੇ ਚਿਹਰਿਆਂ ਤੇ ਫੇਰੇਗਾ।....
ਚਿੜੀਆਂ ਦਾ ਚੰਬਾ ਮੁਫ਼ਤ ਹੀ ਪਰੇਸ਼ਾਨ ਹੁੰਦਾ ਹੈ
ਬਾਬਲ ਤਾਂ ਡੋਲੇ ਨੂੰ ਤੋਰ ਕੇ
ਉੱਖੜੇ ਬੂਹੇ ਨੂੰ ਇੱਟਾਂ ਲਵਾਏਗਾ
ਤੇ ਗੁੱਡੀਆਂ ਪਾੜ ਕੇ
ਪਸੀਨੇ ਨਾਲ ਗਲੇ ਹੋਏ ਕੁੜਤੇ ਉਤੇ ਟਾਕੀ ਸਵਾਏਗਾ,
ਜਦੋਂ ਉਹ ਆਪ ਹੀ ਗਲੋਟਿਆਂ ਜਿਉਂ ਕੱਤਿਆ ਜਾਵੇਗਾ,
ਚਿੜੀਆਂ ਦੇ ਚੰਬੇ ਨੂੰ ਮੋਹ ਚਰਖੇ ਦਾ ਉੱਕਾ ਨਹੀਂ ਸਤਾਏਗਾ।

(*ਚਿੜੀਆਂ ਦਾ ਚੰਬਾ* )

1.3.5 ਪਾਸ਼ ਦੀ ਕਵਿਤਾ ਸੰਬੋਧਨਮਈ ਅੰਦਾਜ਼ ਦੁਆਰਾ ਰੂਪਮਾਨ ਹੁੰਦੀ ਹੈ। ਉਹ ਦਾਰਸ਼ਨਿਕ ਜਾਂ ਰੋਸ਼ਨੀ ਅੰਦਾਜ਼ ਦੀ ਚਿੰਤਨਸ਼ੀਲ ਕਵਿਤਾ ਨਹੀਂ ਲਿਖਦਾ। ਉਹ ਵਸਤੂਪਰਕ ਅੰਦਾਜ਼ ਨੂੰ ਵੀ ਆਪਣੀ ਕਵਿਤਾ ਲਈ ਪ੍ਰਾਸੰਗਿਕ ਨਹੀਂ ਮੰਨਦਾ। ਉਹ ਆਪਣੇ ਪਾਠਕਾਂ ਅਤੇ ਸਰੋਤਿਆਂ ਨਾਲ ਸਿੱਧ-ਪੱਧਰੀਆਂ ਗੱਲਾਂ ਕਰਨਾ ਚਾਹੁੰਦਾ ਹੈ। ਜੀਵਨ ਦੇ ਮੁਖਤਲਿਫ਼ ਪਹਿਲੂਆਂ ਬਾਰੇ ਉਨ੍ਹਾਂ ਨਾਲ ਸੰਵਾਦ ਰਚਾਉਣਾ ਚਾਹੁੰਦਾ ਹੈ। ਉਸ ਦੀ ਕਵਿਤਾ ਲਲਕਾਰ, ਵੰਗਾਰ ਅਤੇ ਦਹਾੜ ਦੀ ਕਵਿਤਾ ਹੈ। ਉਸ ਦੀ ਕਵਿਤਾ ਵਿਚ ਲੋਕ-ਚੇਤਨਾ ਨੂੰ ਟੁੰਬਣ ਅਤੇ ਲੋਕ-ਅਣਖ ਨੂੰ ਉਭਾਰਨ ਵਾਲੀਆਂ

ਜੁਗਤਾਂ ਦੀ ਵਰਤੋਂ ਕੀਤੀ ਗਈ ਹੈ। ਪਾਸ਼ ਦੀ ਇਸ ਕਾਵਿ-ਵਿਧੀ ਵੱਲ ਸੰਕੇਤ ਕਰਦੀ ਹੋਈ ਡਾ. ਬਲਜੀਤ ਕੌਰ ਲਿਖਦੀ ਹੈ ਕਿ ਸੰਬੋਧਨ ਦੀ ਵਿਧੀ ਦੀ ਵਰਤੋਂ ਉਹ ਚੇਤਾਵਨੀ ਦੇਣ ਲਈ ਵੀ ਕਰਦਾ ਹੈ, ਸੰਦੇਸ਼ ਦੇਣ ਲਈ ਅਤੇ ਵੰਗਾਰ, ਪ੍ਰੇਰਨਾ, ਉਕਸਾਹਟ ਜਾਂ ਉਤਸ਼ਾਹ ਦੀ ਖ਼ਾਤਰ ਵੀ। (*ਆਧੁਨਿਕ ਪੰਜਾਬੀ ਕਾਵਿ : ਸੁਹਜ ਦ੍ਰਿਸ਼ਟੀ,* ਪੰਨਾ 162) ਇਸ ਪ੍ਰਸੰਗ ਵਿਚ ਪਾਸ਼ ਦੀ ਇਕ ਕਵਿਤਾ ਦੇ ਕੁਝ ਅੰਸ਼ ਦੇਖੋ :

ਜਿਸ ਤਰ੍ਹਾਂ ਕਰਜ਼ੇ ਦੇ ਕਾਗਜ਼ਾਂ ਵਿਚ
ਸਾਡਾ ਸਹਿਮਿਆ ਤੇ ਸੁੰਗੜਿਆ ਭਵਿੱਖ ਹੈ
ਅਸੀਂ ਜ਼ਿੰਦਗੀ, ਬਰਾਬਰੀ ਜਾਂ ਕੁਝ ਵੀ ਹੋਰ
ਏਸੇ ਤਰ੍ਹਾਂ ਸਚੀ ਮੁਚੀਂ ਦਾ ਚਾਹੁੰਦੇ ਹੈ
ਜਿਸ ਤਰ੍ਹਾਂ ਸੂਰਜ, ਹਵਾ ਤੇ ਬੱਦਲ
ਘਰਾਂ ਤੇ ਖੇਤਾਂ ਵਿਚ ਸਾਡੇ ਅੰਗ-ਸੰਗ ਰਹਿੰਦੇ ਹਨ
ਅਸੀਂ ਓਸ ਤਰ੍ਹਾਂ
ਹਕੂਮਤਾਂ, ਵਿਸ਼ਵਾਸਾਂ ਤੇ ਖੁਸ਼ੀਆਂ ਨੂੰ
ਆਪਣੇ ਨਾਲ-ਨਾਲ ਤੱਕਣਾ ਚਾਹੁੰਦੇ ਹਾਂ
ਡਾਢਿਓ ! ਅਸੀਂ ਸਾਰਾ ਕੁਝ ਸਚੀਂ ਮੁਚੀਂ ਦਾ ਦੇਖਣਾ ਚਾਹੁੰਦੇ ਹਾਂ।

(*ਪ੍ਰਤੀਬੱਧਤਾ* )

### 1.4.1 ਨਵੇਂ ਸੁਹਜ-ਸ਼ਾਸਤਰ ਦੀ ਤਲਾਸ਼

ਪਾਸ਼ ਇਕ ਨਵੇਂ ਸੁਹਜ-ਸ਼ਾਸਤਰ ਦੀ ਤਲਾਸ਼ ਕਰ ਰਿਹਾ ਹੈ। ਇਸ ਤੋਂ ਪਹਿਲਾਂ ਵੀ 1935-36 ਵਿਚ ਮੁਨਸ਼ੀ ਪ੍ਰੇਮ ਚੰਦ, ਜ਼ਹੀਰ, ਫ਼ੈਜ ਅਹਿਮਦ ਫ਼ੈਜ ਅਤੇ ਕੁਝ ਹੋਰ ਪ੍ਰਗਤੀਵਾਦੀ ਲੇਖਕਾਂ ਨੇ ਇਕ ਨਵੇਂ ਸੁਹਜ-ਸ਼ਾਸਤਰ ਦੀ ਲੋੜ ਵੱਲ ਧਿਆਨ ਦਿਵਾਇਆ ਸੀ। ਪ੍ਰਗਤੀਵਾਦੀ ਪੰਜਾਬੀ ਕਵੀਆਂ ਨੇ ਵੀ ਇਸ ਖੇਤਰ ਵਿਚ ਕਾਫ਼ੀ ਯੋਗਦਾਨ ਪਾਇਆ ਸੀ, ਪਰੰਤੂ ਨਕਸਲਵਾਦੀ ਕਵੀ ਕਾਵਿ-ਸਿਰਜਣ ਦੀਆਂ ਸਾਰੀਆਂ ਰਵਾਇਤੀ ਵਿਧੀਆਂ ਅਤੇ ਪਰੰਪਰਾਵਾਂ ਨੂੰ ਛੱਡ ਕੇ ਇਕ ਵੱਖਰੀ ਪ੍ਰਕਾਰ ਦੀ ਕਾਵਿ-ਧਾਰਾ ਸ਼ੁਰੂ ਕਰਨ ਲਈ ਪ੍ਰਯਤਨਸ਼ੀਲ ਹੋਏ। ਉਨ੍ਹਾਂ ਨੂੰ ਇਸ ਗੱਲ ਦਾ ਕੋਈ ਫ਼ਿਕਰ ਨਹੀਂ ਸੀ ਕਿ ਕਵਿਤਾ, ਕਵਿਤਾ ਨਾ ਰਹਿ ਕੇ ਨਿਰੀ ਪੂਰੀ ਨਾਅਰੇ ਵਰਗੀ ਬਣਦੀ ਜਾ ਰਹੀ ਹੈ। ਬਲਕਿ ਉਹ ਅਜਿਹੇ ਨਾਅਰਿਆਂ ਦੀ ਵੀ ਸਿਰਜਣਾ ਕਰਨਾ ਚਾਹੁੰਦੇ ਸਨ ਜੋ ਲੋਕ ਚੇਤਨਾ ਨੂੰ ਉਭਾਰ ਸਕਣ। ਨਾਅਰੇ ਦੀ ਸਾਰਥਿਕਤਾ ਬਾਰੇ ਆਪਣੇ ਵਿਚਾਰ ਵਿਅਕਤ ਕਰਦਾ ਹੋਇਆ ਪ੍ਰੋ. ਕਿਸ਼ਨ ਸਿੰਘ ਲਿਖਦਾ ਹੈ, ''ਨਾਅਰਾ ਉਹ ਹੁੰਦਾ ਹੈ ਜੋ ਜਥੇਬੰਦੀ ਦੇ ਨਿਸ਼ਾਨੇ ਨੂੰ ਐਨਾ ਸਪੱਸ਼ਟ ਕਰਕੇ ਦੱਸੇ ਕਿ ਮਤਲਬ ਇਕ ਦਮ ਹਿੱਕ ਵਿੱਚ ਵੱਜੇ ਅਤੇ ਇਤਨਾ ਜ਼ੋਰ ਨਾਲ ਬੋਲਿਆ ਜਾਵੇ ਕਿ ਬੋਲਣ ਵਾਲੇ ਅਤੇ ਸੁਣਨ ਵਾਲੇ ਨੂੰ ਵੀ ਤਹਿ ਤੱਕ ਹਿਲਾ ਦੇਵੇ। ਜੱਥੇਬੰਦੀ ਅਤੇ ਉਸ ਦਾ ਆਦਰਸ਼ ਉਨਾ ਹੀ ਪੱਕਾ ਹੁੰਦਾ ਹੈ ਜਿੰਨੀ ਜ਼ਿਆਦਾ ਵਾਰੀ ਨਾਅਰੇ ਲਾਏ ਜਾਣ।'' (*ਸਾਹਿੱਤ ਦੀ ਸਮਝ*)

1.4.2 ਪਾਸ਼ ਪਹਿਲਾਂ ਤੋਂ ਹੀ ਕਿਸੇ ਘੜੇ-ਘੜਾਏ ਸੁਹਜ-ਸ਼ਾਸਤਰ ਦੀਆਂ ਧਾਰਣਾਵਾਂ ਨੂੰ ਨਾਲ ਲੈ ਕੇ ਕਵਿਤਾ ਦੀ ਸਿਰਜਣਾ ਨਹੀਂ ਕਰਦਾ। ਸੁਹਜਵਾਦੀ ਧਾਰਣਾਵਾਂ ਅਤੇ ਕਵਿਤਾ ਨੂੰ ਮਨ-ਪਰਚਾਵੇ ਦਾ ਸਾਧਨ ਸਮਝ ਕੇ ਸੁਹਜ ਉਪਜਾਉਣ ਵਾਲੇ ਸੁਹਜ-ਸ਼ਾਸਤਰ ਪ੍ਰਤੀ ਉਸ ਦੇ ਮਨ ਵਿਚ ਸਗੋਂ ਅਥਾਹ ਨਫ਼ਰਤ ਹੈ। ਇਸ ਕਰਕੇ 'ਦਰੜੇ ਜਾ ਰਹੇ ਬੰਦੇ ਦੀ ਚੀਕ' ਵੀ ਉਸ ਲਈ ਕਿਸੇ ਦੇ ਮਨ-ਪਰਚਾਵੇ ਲਈ ਪਾਏ ਵੈਣ ਨਹੀਂ ਸਗੋਂ 'ਬੱਕਰੇ ਬੁਲਾਉਣ' ਦੀ ਮਸ਼ਕ ਹੈ। ਇਸ ਪ੍ਰਸੰਗ ਵਿਚ ਉਸ ਦਾ ਆਪਣਾ ਕਥਨ ਹੈ :

ਅਸੀਂ ਬੱਕਰੇ ਬੁਲਾਉਂਦੇ ਉਨ੍ਹਾਂ ਨੂੰ ਚੰਗੇ ਨਹੀਂ ਲਗਦੇ
ਚਲੋ ਇੰਜ ਹੀ ਸਹੀ
ਉਹ ਤਾਂ ਬੱਸ ਸ਼ੁਗਲ ਫੁਰਮਾਉਂਦੇ ਰਹੇ
ਵੈਣ ਸੁਣਦੇ ਆਏ
ਦਾਦ ਦਿੰਦੇ ਰਹੇ
ਉਨ੍ਹਾਂ ਨੂੰ ਭਲੇ ਲੱਗਣ ਲਈ
ਅਸੀਂ ਹੁਣ ਵੈਣ ਨਹੀਂ ਪਾਉਣੇ।

(*ਇੰਜ ਹੀ ਸਹੀ*)

1.4.3 ਵਿਧੀ ਦੀ ਪੱਧਰ ਤੇ ਪਾਸ਼ ਅਨੁਸਾਰ ਇਸ਼ਕ + ਅਮਨ + ਸਮਾਜਵਾਦ ਦਾ ਵਿਸ਼ਾ ਪੰਜਾਬੀ ਕਵਿਤਾ ਵਿਚ ਕੋਈ

ਵਿਸ਼ੇਸ਼ ਵਿਧੀ ਲੈ ਕੇ ਨਹੀਂ ਆਇਆ। ਉਹ ਇਹ ਵੀ ਮੰਨਦਾ ਹੈ ਕਿ ਕਵਿਤਾ ਦੀ ਵਿਧੀ ਵਿਸ਼ੇ ਵਿਚੋਂ ਹੀ ਜਨਮ ਲੈਂਦੀ ਹੈ। ਪਰ ਸੰਦੇਸ਼ਮਈ ਸੰਬੋਧਨੀ ਵਿਧੀ ਬਾਰੇ ਉਸ ਦੀ ਇਹ ਟਿੱਪਣੀ ਬੜੀ ਸਤਹੀ ਪੱਧਰ ਦੀ ਹੈ। ਪ੍ਰੋ. ਪ੍ਰੇਮ ਪਾਲੀ ਅਨੁਸਾਰ, ਉਸ ਦੀ ਕਾਵਿ-ਰਚਨਾ ਵਿਚ ਜਿਸ ਵਿਧੀ ਦਾ ਪ੍ਰਯੋਗ ਹੋਇਆ ਹੈ, ਉਸ ਨੂੰ ਦਵੰਦਾਤਮਕ ਵਿਧੀ ਕਹਿਣਾ ਚਾਹੀਦਾ ਹੈ, ਕਿਉਂਕਿ ਉਸ ਦੀ ਕਾਵਿਕ ਸੂਝ ਅਤੇ ਬਾਹਰਵਰਤੀ ਸਥਿਤੀ ਇਕ ਵਿਰੋਧੀ ਜੁੱਟ ਦੇ ਰੂਪ ਵਿਚ ਉਸ ਦੀ ਕਵਿਤਾ ਵਿਚ ਲਗਾਤਾਰ ਇਕ ਦੂਸਰੇ ਨਾਲ ਅੰਤਰ-ਕ੍ਰਿਆ ਰਚਾਉਂਦੇ ਹਨ, ਜਿਸ ਨਾਲ ਉਸ ਦੀ ਕਵਿਤਾ ਗੁਣ ਅਤੇ ਆਕਾਰ ਦੋਹਾਂ ਪੱਖਾਂ ਤੋਂ ਲਗਾਤਾਰ ਵਿਕਸਿਤ ਹੁੰਦੀ ਦਿਖਾਈ ਦਿੰਦੀ ਹੈ। ਉਸ ਦੀਆਂ ਕਵਿਤਾਵਾਂ ਉੱਤੇ ਇਕ ਸਰਸਰੀ ਨਜ਼ਰ ਵੀ ਮਾਰੀਏ ਤਾਂ ਇਹ ਗੱਲ ਭਲੀ-ਭਾਂਤ ਸਪਸ਼ਟ ਹੋ ਜਾਂਦੀ ਹੈ ਕਿ ਉਸ ਦੁਆਰਾ ਸਿਰਜੇ ਬਿੰਬਾਂ ਵਿਚ ਲਗਾਤਾਰ ਡੂੰਘਾਈ ਆ ਰਹੀ ਹੈ। ਉਸ ਦੇ ਬਿੰਬਾਂ ਦਾ ਨਿਰੰਤਰ ਰੂਪਾਂਤਰਣ, ਉਸ ਵੱਲੋਂ ਅਪਣਾਈ ਦਵੰਦਾਤਮਕ ਵਿਧੀ ਦੀ ਦੇਣ ਹੈ। ਵਿਧੀ ਦੀ ਪੱਧਰ ਤੇ ਸਥਾਪਿਤ ਕੀਤਾ ਇਹ ਉਸ ਦਾ ਇਕ ਹੋਰ ਮੌਲਿਕ ਮਾਪਦੰਡ ਹੈ। (*ਮੈਂ, ਅਸੀਂ ਅਤੇ ਤੁਸੀਂ,* ਪੰਨਾ 31)

**1.5.1 ਰੂਪ-ਪ੍ਰਬੰਧ : ਬਿੰਬ-ਸਿਰਜਣਾ ਅਤੇ ਪ੍ਰਤੀਕ-ਵਿਧਾਨ**

ਕਵਿਤਾ ਬਿੰਬਾਂ ਦੇ ਮਾਧਿਅਮ ਦੁਆਰਾ ਸਿਰਜੀ ਜਾਂਦੀ ਹੈ। ਇਹੀ ਕਾਰਨ ਹੈ ਕਿ ਬਿੰਬ-ਸਿਰਜਣਾ ਨੂੰ ਕਾਵਿ ਦਾ ਸਭ ਤੋਂ ਮਹੱਤਵਪੂਰਨ ਤੱਤ ਮੰਨਿਆ ਗਿਆ ਹੈ। ਪ੍ਰਸਿੱਧ ਆਲੋਚਕ ਸੀ.ਡੀ. ਲੈਵਿਸ ਦਾ ਮਤ ਹੈ ਕਿ ਕਾਵਿ-ਬਿੰਬ ਪਾਠਕ ਨੂੰ ਇੰਦਰਿਆਵੀ ਬੋਧ ਪ੍ਰਦਾਨ ਕਰਦਾ ਹੈ। ਲੈਵਿਸ ਨੇ ਗਿਆਨ-ਇੰਦਰੀਆਂ ਦੀ ਪ੍ਰਕ੍ਰਿਤੀ ਅਤੇ ਪ੍ਰਯੋਜਨ ਦੇ ਅਨੁਸਾਰ ਕਾਵਿ-ਬਿੰਬਾਂ ਦੀਆਂ ਵੀ ਪੰਜ ਸ਼੍ਰੇਣੀਆਂ ਨਿਸ਼ਚਿਤ ਕੀਤੀਆਂ ਹਨ। (1) ਦ੍ਰਿਸ਼ ਬਿੰਬ, (2) ਨਾਦ ਬਿੰਬ, (3) ਗੰਧ ਬਿੰਬ, (4) ਸਵਾਦ ਬਿੰਬ ਅਤੇ (5) ਸਪਰਸ਼ ਬਿੰਬ। ਕਵੀ ਲੋਕ ਆਪਣੇ ਕਾਵਿ ਦੀ ਵਸਤੂ-ਸਾਮੱਗਰੀ ਨੂੰ, ਸਿਮਰਤੀ ਦੀ ਸਹਾਇਤਾ ਨਾਲ, ਇਨ੍ਹਾਂ ਵਿਚੋਂ ਕਿਸੇ-ਨਾ-ਕਿਸੇ ਬਿੰਬ-ਸ਼੍ਰੇਣੀ ਦੁਆਰਾ ਪ੍ਰਗਟ ਕਰਦੇ ਹਨ।

**1.5.2** ਪਾਸ਼ ਦੀ ਕਵਿਤਾ ਵਿਚ ਜੋ ਬਿੰਬ ਸਭ ਤੋਂ ਸਪਸ਼ਟ ਰੂਪ ਵਿਚ ਉੱਭਰ ਕੇ ਸਾਹਮਣੇ ਆਉਂਦਾ ਹੈ, ਉਹ ਜਦੋ-ਜਹਿਦ ਦਾ ਬਿੰਬ- ਜਿਸ ਨੂੰ *ਲੋਹ ਕਥਾ* ਵਿਚ ਕਿਤੇ ਬਗ਼ਾਵਤ ਕਿਹਾ ਗਿਆ ਹੈ ਅਤੇ ਕਿਤੇ ਯੁਗ-ਪਲਟਾਵਾ। ਇਸ ਲਈ ਕ੍ਰਾਂਤੀ ਅਤੇ ਵਿਸਥਾਪਣ ਦੇ ਸ਼ਬਦ ਵੀ ਵਰਤੇ ਗਏ ਹਨ। *ਸਾਡੇ ਸਮਿਆਂ ਵਿਚ,* ਇਸ ਬਿੰਬ ਦਾ ਰੂਪਾਂਤਰਣ 'ਯੁੱਧ ਦੀ ਸਮੁੱਚਤਾ' ਵਿਚ ਹੁੰਦਾ ਹੈ। 'ਉਸ ਦਾ ਤੀਸਰਾ ਮਹਾਂਯੁੱਧ' ਵੀ ਇਹੋ ਹੈ। ਪ੍ਰੋ. ਪ੍ਰੇਮ ਪਾਲੀ ਦੇ ਸ਼ਬਦਾਂ ਵਿਚ, ''ਮਨੁੱਖੀ ਆਜ਼ਾਦੀ ਲਈ ਮਨੁੱਖ ਵੱਲੋਂ ਕੀਤੀ ਗਈ, ਕੀਤੀ ਜਾਣ ਵਾਲੀ ਜਾਂ ਕੀਤੀ ਜਾ ਰਹੀ ਜੱਦੋ-ਜਹਿਦ ਦਾ ਇਕ ਵਿਸ਼ਾਲ, ਸਜੀਵ, ਸਾਰਥਿਕ ਅਤੇ ਗਤੀਸ਼ੀਲ ਬਿੰਬ ਉਸਾਰਣਾ ਹੀ ਪਾਸ਼ ਦੀ ਸਿਰਜਨਾਤਮਕ ਸ਼ਕਤੀ ਦਾ ਇਕੋ-ਇਕ ਮੰਤਵ ਪ੍ਰਤੀਤ ਹੁੰਦਾ ਹੈ।'' (*ਮੈਂ, ਅਸੀਂ ਅਤੇ ਤੁਸੀਂ,* ਪੰਨਾ 73) ਇਸ ਵਿਸ਼ੇ ਦੇ ਸਬੰਧ ਵਿਚ ਉਸ ਦੀ ਕਵਿਤਾ 'ਯੁੱਧ ਅਤੇ ਸ਼ਾਂਤੀ' ਸਭ ਤੋਂ ਵੱਧ ਮਹੱਤਵਪੂਰਨ ਹੈ, ਭਾਵੇਂ ਉਸ ਦੀਆਂ ਦੂਜੀਆਂ ਕਵਿਤਾਵਾਂ ਵੀ ਇਸ ਸੰਦਰਭ ਤੋਂ ਹੀਣੀਆਂ ਨਹੀਂ ਹਨ। ਵੇਖਿਆ ਜਾਵੇ ਤਾਂ ਪਾਸ਼ ਸ਼ੁਰੂ ਤੋਂ ਹੀ ਜੱਦੋ-ਜਹਿਦ ਅਤੇ ਘੋਲ ਦਾ ਇਕ ਸਾਰਥਿਕ ਬਿੰਬ ਉਸਾਰਨ ਦੀ ਕੋਸ਼ਿਸ਼ ਕਰਦਾ ਹੈ।

**1.5.3** ਪਾਸ਼, ਜਿਸ ਜੱਦੋ-ਜਹਿਦ ਜਾਂ ਯੁੱਧ ਦੀ ਸਮੁੱਚਤਾ ਦਾ ਬਿੰਬ ਉਸਾਰਨ ਲਈ ਕਰਮਸ਼ੀਲ ਹੈ, ਉਸ ਦੀ ਪਹਿਲੀ ਵਿਸ਼ੇਸ਼ਤਾ ਇਹ ਹੈ ਕਿ ਜੱਦੋ-ਜਹਿਦ ਇਕ ਹੀ ਕਿਸਮ ਦਾ ਵਰਤਾਰਾ ਹੁੰਦੀ ਹੈ ਅਤੇ ਹਿੰਸਾ ਜਾਂ ਅਹਿੰਸਾ ਦੋਵੇਂ ਵੱਖਰੇ-ਵੱਖਰੇ ਵਰਤਾਰੇ ਨਹੀਂ, ਸਗੋਂ ਇਸ ਇਕ ਹੀ ਕਿਸਮ ਦੇ ਵਰਤਾਰੇ ਦੇ ਦੋ ਪੜਾਅ ਹੁੰਦੇ ਹਨ (ਪ੍ਰੋ. ਪ੍ਰੇਮ ਪਾਲੀ, *ਉਕਤ ਕਥਿਤ,* ਪੰਨਾ 75)। ਪਾਸ਼ ਲਈ ਜੱਦੋ-ਜਹਿਦ ਇਕ ਵਿਸ਼ਾਲ ਸੰਕਲਪ ਹੈ, ਜੋ ਮਨੁੱਖ ਦੀ ਅਕਰਮਸ਼ੀਲਤਾ ਦਾ ਨਿਸ਼ੇਧ ਹੈ। ਸ਼ਾਇਦ ਇਹੀ ਕਾਰਨ ਹੈ ਕਿ ਆਪਣੇ ਇਸ ਅਮਲ ਦੇ ਸਬੰਧ ਵਿਚ ਉਸ ਨੇ ਖੁਦ ਹਿੰਸਾ ਅਤੇ ਅਹਿੰਸਾ ਦੇ ਸੰਕਲਪ ਦੀ ਕਿਧਰੇ ਵੀ ਵਰਤੋਂ ਨਹੀਂ ਕੀਤੀ, ਸਗੋਂ ਇਸ ਵਿਰੋਧ ਨੂੰ 'ਯੁੱਧ ਅਤੇ ਸ਼ਾਂਤੀ' ਦੇ ਵਿਰੋਧ ਵਿਚ ਪ੍ਰਗਟਾਇਆ ਹੈ। ਯੁੱਧ, ਜਿਉਂਦੇ-ਜਾਗਦੇ ਵਿਅਕਤੀ ਦੀ ਸਰਗਰਮ ਕਰਮਸ਼ੀਲਤਾ ਹੈ ਅਤੇ ਸ਼ਾਂਤੀ ਇਸ ਦੇ ਉਲਟ ਇਕ ਜਿਉਂਦੀ ਲਾਸ਼ ਦੀ ਤਰ੍ਹਾਂ ਮੁਰਦਾ ਹੈ। ਇਸ ਬਿੰਬ-ਪ੍ਰਬੰਧ ਦੀ ਦੂਜੀ ਵਿਸ਼ੇਸ਼ਤਾ ਇਹ ਹੈ ਕਿ ਇਹ ਵਿਅਕਤੀ ਦੀ ਜੁਝਾਰ ਮਨੋਬਿਰਤੀ ਦਾ ਸਿੱਟਾ ਨਹੀਂ, ਬਲਕਿ ਇਹ ਬਾਹਰਵਰਤੀ ਸਥਿਤੀ ਦੀ ਲੋੜ ਵਿਚੋਂ ਪੈਦਾ ਹੋਣ ਵਾਲਾ ਅਮਲ ਹੈ ਅਤੇ ਇਸ ਦਾ ਹਿੰਸਕ ਜਾਂ ਅਹਿੰਸਕ ਰੂਪ ਵੀ ਇਸੇ ਸਥਿਤੀ ਵੱਲੋਂ ਨਿਸਚਿਤ ਹੁੰਦਾ ਹੈ।

**1.5.4** ਆਪਣੇ ਹਿੱਸੇ ਦੀ ਕਟਾਰ ਮੰਗਣ ਅਤੇ ਇਸ ਕਤਲੇਆਮ ਵਿਚ ਸ਼ਰੀਕ ਹੋ ਜਾਣ ਦੀ ਆਗਿਆ ਵੀ ਉਹ ਇਸ ਕਾਰਨ ਮੰਗਦਾ ਹੈ ਕਿ ਧਰਤੀ ਤੇ ਪਾਪਾਂ ਦਾ ਭਾਰ ਵਧ ਗਿਆ ਹੈ ਅਤੇ ਸ਼ਬਦਾਂ ਦੇ ਸੰਘ ਘੁੱਟੇ ਜਾ ਰਹੇ ਹਨ। ਉਹ ਜੇ ਕਰ ਕਲਮ ਨੂੰ ਸੰਗੀਨ ਲਾ ਕੇ ਜੇਲ੍ਹ ਦੀਆਂ ਕੰਧਾਂ ਤੇ ਲਿਖਣਾ ਲੋਚਦਾ ਹੈ, ਤਾਂ ਇਸ ਲਈ ਕਿ ਭਾਰਤ ਹੁਣ 'ਸਿੱਟੀ ਦੀ ਚਿੜੀ' ਬਣ ਚੁੱਕਾ ਹੈ। ਇਸ ਪ੍ਰਕਾਰ ਜੱਦੋ-ਜਹਿਦ ਦੀ ਲੋੜ ਵਿਚੋਂ ਪੈਦਾ ਹੋਣਾ ਇਸ ਦੀ ਤੀਜੀ ਵਿਸ਼ੇਸ਼ਤਾ ਹੈ। ਜੱਦੋ-ਜਹਿਦ ਦੇ ਇਸ ਬਿੰਬ ਦੀ ਚੌਥੀ ਵਿਸ਼ੇਸ਼ਤਾ ਇਹ ਦਰਸਾਈ ਗਈ ਹੈ ਕਿ ਇਸ ਨੂੰ ਪਰਾਜਿਤ ਨਹੀਂ ਕੀਤਾ ਜਾ ਸਕਦਾ। 'ਤੁਫ਼ਾਨਾਂ

ਨੇ ਕਦੇ ਵੀ ਮਾਤ ਨਹੀਂ ਖਾਧੀ' ਕਵਿਤਾ ਵਿਚ ਜੱਦੋ-ਜਹਿਦ ਦੇ ਬਿੰਬ ਦਾ ਰੂਪਾਂਤਰਣ ਇਕ ਅਜਿਹੇ ਤੂਫ਼ਾਨ ਦੇ ਰੂਪ ਵਿਚ ਹੁੰਦਾ ਹੈ, ਜਿਸ ਦਾ ਰੂਪ ਤਾਂ ਬਦਲਿਆ ਜਾ ਸਕਦਾ ਹੈ, ਪਰ ਇਸ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ। ਕਾਰਨ ਇਹ ਹੈ ਕਿ ਜੱਦੋ-ਜਹਿਦ ਕੁਝ ਵਿਅਕਤੀਆਂ ਦੀ ਕਾਰਵਾਈ ਦਾ ਨਤੀਜਾ ਨਹੀਂ ਹੁੰਦੀ, ਬਲਕਿ ਇਸ ਦਾ ਕਾਰਨ ਸਮਾਜ ਵਿਚ ਫੈਲਿਆ ਉਹ ਹੁੱਸੜ ਹੈ ਜਿਸ ਵਿਚ ਮਨੁੱਖ ਲਈ ਆਜ਼ਾਦੀ ਨਾਲ ਸਾਹ ਲੈਣਾ ਵੀ ਮੁਸ਼ਕਿਲ ਹੋ ਗਿਆ ਹੈ।

**1.5.5** ਪ੍ਰੋ. ਪ੍ਰੇਮ ਪਾਲੀ, ਪਾਸ਼ ਦੀਆਂ ਬਿੰਬ-ਯੋਜਨਾਵਾਂ ਦਾ ਵਰਗੀਕਰਨ ਕਰਦਾ ਹੋਇਆ ਲਿਖਦਾ ਹੈ ਕਿ ਪਾਸ਼ ਦੀ ਪਹਿਲੀ ਰਚਨਾ 'ਲੋਹ ਕਥਾ' ਜੱਦੋ-ਜਹਿਦ ਅਤੇ ਹਥਿਆਰਬੰਦ ਘੋਲ ਦੀ ਤਿਆਰੀ ਦੀ ਕਵਿਤਾ ਹੈ। ਦੂਜੀ ਪੁਸਤੱਕ 'ਉੱਡਦੇ ਬਾਜ਼ਾਂ ਮਗਰ' ਹਥਿਆਰਬੰਦ ਘੋਲ ਦੀ ਲੋੜ ਨੂੰ ਸਪਸ਼ਟ ਕਰਦੀ ਹੈ। ਇਨ੍ਹਾਂ ਰਚਨਾਵਾਂ ਵਿਚ 'ਯੁੱਧ' ਸ਼ਬਦ ਦੀ ਵਰਤੋਂ ਨਹੀਂ ਹੋਈ। 'ਸਾਡੇ ਸਮਿਆਂ ਵਿਚ' ਉਸ ਦੀ ਪ੍ਰੋੜ੍ਹ ਹੋਈ ਚੇਤਨਾ ਆਪਣੇ ਸਮੁੱਚੇ ਅਨੁਭਵ ਨੂੰ ਯੁੱਧ ਦੇ ਸੰਕਲਪ ਵਿਚ ਸਮੇਟਣ ਦੀ ਕੋਸ਼ਿਸ਼ ਕਰਦੀ ਹੈ (*ਉਹੀ* ਰਚਨਾ, ਪੰਨਾ 78)। ਇਸ ਸੰਗ੍ਰਹਿ ਦੀ ਪਹਿਲੀ ਕਵਿਤਾ 'ਮੈਂ ਹੁਣ ਵਿਦਾ ਹੁੰਦਾ ਹਾਂ'ਤੋਂ ਹੀ ਉਹ ਯੁੱਧ ਦੇ ਬਿੰਬ ਦੀ ਸਮੁੱਚਤਾ ਦੀ ਉਸਾਰੀ ਵਿਚ ਰੁੱਝਿਆ ਨਜ਼ਰ ਆਉਂਦਾ ਹੈ। ਉਸ ਨੂੰ 'ਪਿਆਰ ਕਰਨ' ਅਤੇ 'ਆਪਣੇ ਆਪ ਨੂੰ ਯੁੱਧ ਲਈ ਤਿਆਰ ਕਰਨ' ਵਿਚ ਕੋਈ ਫ਼ਰਕ ਨਜ਼ਰ ਨਹੀਂ ਆਉਂਦਾ। ਉਸ ਲਈ ਪਿਆਰ ਕਰਨਾ ਅਤੇ ਲੜ ਸਕਣਾ ਦੋਵੇਂ ਹੀ ਯੁੱਧ ਦੀ ਸਮੁੱਚਤਾ ਦੇ ਅੰਗ ਬਣ ਜਾਂਦੇ ਹਨ, ਦੇਖੋ :

**ਯੁੱਧ ਦੀ ਸਮੁੱਚਤਾ**

ਜੀਣਾ = ਪਿਆਰ ਕਰਨਾ + ਲੜ ਸਕਣਾ

'ਯੁੱਧ ਅਤੇ ਸ਼ਾਂਤੀ' ਨਾਮ ਦੀ ਕਵਿਤਾ ਵਿਚ ਇਸੇ ਸਮੀਕਰਣ ਨੂੰ ਪ੍ਰਗਟਾਇਆ ਗਿਆ ਹੈ :

ਯੁੱਧ ਇਕ ਯਾਰੀ ਲਈ ਵਧਿਆ ਹੱਥ ਹੈ
ਯੁੱਧ ਕਿਸੇ ਮਹਿਬੂਬ ਲਈ ਅੱਖਾਂ 'ਚ ਲਿਖਿਆ ਖ਼ਤ ਹੈ
ਯੁੱਧ ਕੁਛੜ ਚਾਏ ਹੋਏ ਬੱਚੇ ਦੀਆਂ
ਮਾਂ ਦੇ ਦੁੱਧ ਤੇ ਟਿਕੀਆਂ ਮਾਸੂਮ ਉਂਗਲਾਂ ਹਨ ...
ਯੁੱਧ ਸਾਡੇ ਬੱਚਿਆਂ ਲਈ
ਪਿੜੀਆਂ ਵਾਲੀ ਖੁੱਦੋ ਬਣ ਕੇ ਆਏਗਾ
ਯੁੱਧ ਸਾਡੀਆਂ ਭੈਣਾਂ ਲਈ
ਕਢਾਈ ਦੇ ਸੁੰਦਰ ਨਮੂਨੇ ਲਿਆਏਗਾ
ਯੁੱਧ ਸਾਡੀਆਂ ਬੀਵੀਆਂ ਦੇ ਥਣਾਂ ਅੰਦਰ
ਦੁੱਧ ਬਣ ਕੇ ਉਤਰੇਗਾ
ਯੁੱਧ ਬੁੱਢੀ ਮਾਂ ਲਈ ਨਿਗ੍ਹਾ ਦੀ ਐਣਕ ਬਣੇਗਾ
ਯੁੱਧ ਸਾਡਿਆਂ ਵੱਡਿਆਂ ਦੀਆਂ ਕਬਰਾਂ ਉੱਤੇ
ਫੁੱਲ ਬਣ ਕੇ ਖਿੜੇਗਾ।

(*ਯੁੱਧ ਤੇ ਸ਼ਾਂਤੀ*)

**1.5.5** ਪਾਸ਼-ਕਾਵਿ ਅਤੇ ਨਕਸਲਵਾਦੀ ਕਾਵਿ-ਧਾਰਾ ਵਿਚ ਵਰਤੇ ਗਏ ਬਿੰਬ ਅਤੇ ਚਿੰਨ੍ਹ ਇਤਿਹਾਸਕ ਪਰਿਸਥਿਤੀਆਂ ਦਾ ਨਿਚੋੜ ਹਨ। ਇਕ ਸਾਰ ਦੇ ਰੂਪ ਵਿਚ ਇਹ ਕਿਸੇ ਹੱਦ ਤੱਕ ਅਸਪਸ਼ਟ ਵੀ ਹਨ, ਕਿਉਂਕਿ ਇਨ੍ਹਾਂ ਦਾ ਇਤਿਹਾਸ ਇਨ੍ਹਾਂ ਦੇ ਨਾਲ ਨਹੀਂ ਹੁੰਦਾ, ਸਗੋਂ ਉਸ ਵਿਸ਼ੇਸ਼ ਸਭਿਆਚਾਰ ਨਾਲ ਸਬੰਧਿਤ ਲੋਕਾਂ ਦੇ ਮਨਾਂ ਉਪਰ ਉਕਰਿਆ ਹੁੰਦਾ ਹੈ। ਦੂਜੇ ਸਭਿਆਚਾਰਾਂ ਨਾਲ ਸਬੰਧ ਰੱਖਣ ਵਾਲੇ ਲੋਕ ਅਜਿਹੇ ਬਿੰਬਾਂ ਅਤੇ ਚਿੰਨ੍ਹਾਂ ਦਾ ਪੂਰਾ ਸੰਦਰਭ ਗ੍ਰਹਿਣ ਕਰਨ ਦੇ ਸਮਰੱਥ ਨਹੀਂ ਹੁੰਦੇ, ਜਿਸ ਕਾਰਨ ਉਨ੍ਹਾਂ ਲਈ ਇਹ ਪੂਰੀ ਤਰ੍ਹਾਂ ਅਸਪਸ਼ਟ ਹੁੰਦੇ ਹਨ। ਅਜਿਹੇ ਬਿੰਬਾਂ ਦੀ ਜਦੋਂ ਵਰਤੋਂ ਕੀਤੀ ਜਾਂਦੀ ਹੈ ਤਾਂ ਕਈ ਵਾਰ ਕਹੀ ਗੱਲ ਉਤਨੀ ਮਹੱਤਵਪੂਰਨ ਨਹੀਂ ਹੁੰਦੀ, ਸਗੋਂ ਉਹ ਗੱਲ ਵਧੇਰੇ ਮਹੱਤਵ ਰਖਦੀ ਹੈ ਜਿਹੜੀ ਕਹੀ ਨਹੀਂ ਗਈ ਹੁੰਦੀ। ਸਤਰਾਂ ਅਤੇ ਸ਼ਬਦਾਂ ਦੇ ਵਿਚਕਾਰ ਛੱਡੀਆਂ ਵਿੱਥਾਂ ਨੂੰ ਪੜ੍ਹਨਾ ਜ਼ਰੂਰੀ ਹੋ ਜਾਂਦਾ ਹੈ ਤਾਂ ਜੋ ਅਸੀਂ ਨਾ ਕੇਵਲ ਕਾਵਿ-ਕਥਨ ਨੂੰ ਹੀ ਸਮਝ ਸਕੀਏ, ਬਲਕਿ ਉਸ ਸੰਦਰਭ ਨੂੰ ਵੀ ਪੜ੍ਹ ਸਕੀਏ , ਜਿਹੜਾ ਇਸ ਕਥਨ ਨੂੰ ਅਰਥ ਪ੍ਰਦਾਨ ਕਰਦਾ ਹੈ। ਉਦਾਹਰਣ ਵਜੋਂ, ਜਦੋਂ ਅਸੀਂ ਹੇਠ-ਲਿਖਿਤ ਕਾਵਿ-ਅੰਸ਼ ਨੂੰ ਪੜ੍ਹਦੇ ਹਾਂ ਤਾਂ ਉਹ ਸਮੁੱਚਾ ਸੰਦਰਭ ਵੀ ਸਾਹਮਣੇ ਆ ਜਾਂਦਾ ਹੈ, ਜਿਹੜਾ ਇਸ ਕਾਵਿ-ਅੰਸ਼ ਦੀ ਟੈਕਸਟ ਦੇ ਪਿੱਛੇ ਮੌਜੂਦ ਹੈ :

ਮੈਂ ਜੱਟਾਂ ਦੇ ਸਾਧ ਹੋਵਣ ਤੋਂ ਉਰ੍ਹਾਂ ਦਾ ਸਫ਼ਰ ਹਾਂ
ਮੈਂ ਬੁੱਢੇ ਮੋਚੀ ਦੀ ਗੁੰਮੀ ਹੋਈ ਅੱਖਾਂ ਦੀ ਲੋਅ ਹਾਂ
ਮੈਂ ਟੁੰਡੇ ਹੌਲਦਾਰ ਦੇ ਸੱਜੇ ਹੱਥ ਦੀ ਯਾਦ ਹਾਂ ਕੇਵਲ
ਮੈਂ ਪਿੰਡੇ ਵਕਤ ਦੇ, ਚੱਪਾਂ ਸਦੀ ਦਾ ਦਾਗ਼ ਹਾਂ ਕੇਵਲ
ਤੇ ਮੇਰੀ ਕਲਪਣਾ, ਉਸ ਲੁਹਾਰ ਦੇ ਥਾਂ ਥਾਂ ਤੋਂ ਲੂਸੇ ਮਾਸ ਵਰਗੀ ਹੈ
ਜੋ ਬੇਰਹਿਮ ਅਸਮਾਨ ਤੇ ਖਿਝਿਆ ਰਹੇ, ਇਕ ਹਵਾ ਦੇ ਬੁੱਲੇ ਲਈ
ਜੀਹਦੇ ਹੱਥ ਵਿਚਲਾ ਚਉਂ ਦਾ ਫ਼ਾਲਾ
ਕਦੀ ਤਲਵਾਰ ਬਣ ਜਾਵੇ, ਕਦੀ ਬੱਸ ਪਠਿਆਂ ਦੀ ਪੰਡ ਰਹਿ ਜਾਵੇ
ਮੈਂ ਹੁਣ ਤੁਹਾਡੇ ਲਈ ਕਿਸੇ ਹਾਰਮੋਨੀਅਮ ਦਾ ਪੱਖਾ ਨਹੀਂ ਹੋ ਸਕਦਾ
ਮੈਂ ਭਾਂਡੇ ਮਾਂਜਦੀ ਝੀਰੀ ਦੀਆਂ ਉਂਗਲਾਂ 'ਚੋਂ ਸਿੰਮਦਾ ਰਾਗ ਹਾਂ ਕੇਵਲ !

(*ਇਨਕਾਰ*)

### 1.6.1. ਅਲੰਕਾਰ

ਭਾਰਤੀ ਕਾਵਿ ਸ਼ਾਸਤਰੀ ਅਲੰਕਾਰਾਂ ਨੂੰ ਕਾਵਿ ਦਾ ਇਕ ਸ਼ਿਰੋਮਣੀ ਤੱਤ ਮੰਨਦੇ ਹਨ। ਆਚਾਰੀ ਭਾਮਹ, ਕੁੰਤਕ ਅਤੇ ਦੰਡੀ ਆਦਿ ਦਾ ਵਿਚਾਰ ਹੈ ਕਿ ਅਲੰਕਾਰ ਹੀ ਕਾਵਿ ਦੀ ਆਤਮਾ ਹੁੰਦੇ ਹਨ। 'ਅਲੰਕਾਰ' ਦਾ ਸ਼ਾਬਦਿਕ ਅਰਥ ਗਹਿਣਾ ਹੈ। ਜਿਸ ਪ੍ਰਕਾਰ ਗਹਿਣੇ ਵਿਅਕਤੀ ਦੀ ਸੁੰਦਰਤਾ ਵਿਚ ਵਾਧਾ ਕਰਦੇ ਹਨ, ਇਸੇ ਤਰ੍ਹਾਂ ਕਾਵਿ-ਅਲੰਕਾਰ ਕਵਿਤਾ ਦੀ ਸ਼ੋਭਾ ਵਿਚ ਵਾਧਾ ਕਰਦੇ ਹਨ। ਅਲੰਕਾਰਵਾਦੀਆਂ ਨੇ ਅਲੰਕਾਰਾਂ ਦੀਆਂ ਕਈ ਸ਼੍ਰੇਣੀਆਂ ਨਿਰਧਾਰਿਤ ਕੀਤੀਆਂ ਹਨ, ਜਿਵੇਂ ਉਪਮਾ, ਰੂਪਕ, ਦ੍ਰਿਸ਼ਟਾਂਤ, ਅਤਿੱਕਥਨੀ, ਲੋਕੋਕਤੀ, ਵਕ੍ਰੋਕਤੀ ਅਤੇ ਮਾਨਵੀਕਰਨ ਆਦਿਕ। ਪਾਸ਼ ਦੀਆਂ ਕਵਿਤਾਵਾਂ ਵਿਚ ਵਧੇਰੇ ਕਰਕੇ ਉਪਮਾ, ਰੂਪਕ ਅਤੇ ਦ੍ਰਿਸ਼ਟਾਂਤ ਆਦਿਕ ਅਲੰਕਾਰ ਦ੍ਰਿਸ਼ਟੀਗੋਚਰ ਹੁੰਦੇ ਹਨ। ਵੇਖੋ :

**(i) ਉਪਮਾ ਅਲੰਕਾਰ**

ਮੈਂ ਤਾਂ ਜਦ ਵੀ ਕੀਤੀ- ਖਾਦ ਦੇ ਘਾਟੇ,
ਕਿਸੇ ਗਰੀਬੜੀ ਦੀ ਹਿੱਕ ਵਾਂਗੂ ਪਿਚਕੇ ਗਏ ਗੰਨਿਆਂ ਦੀ ਗੱਲ ਹੀ ਕਰਾਂਗਾ।

ਜਾਂ

ਮੇਰੇ ਤੋਂ ਆਸ ਨਾ ਕਰਿਓ ਕਿ ਮੈਂ ਖਰਗੋਸ਼ ਵਾਂਗ।
ਰੋਹੀਆਂ ਦੀ ਕੂਲੀ ਮਹਿਕ ਨੂੰ ਪੋਲੇ ਜਹੇ ਸੁੰਘਾਂ।

**(ii) ਰੂਪਕ ਅਲੰਕਾਰ**

ਉਸ ਕਵਿਤਾ ਵਿਚ ਹੱਥਾਂ ਉਤਲੇ ਰਟਣਾਂ ਨੇ ਮੁਸਕਰਾਉਣਾ ਸੀ
ਤੇ ਮੇਰੀ ਹਿੱਕ ਦੇ ਵਾਲਾਂ ਦੇ ਨਰਮ ਸ਼ਾਲ ਵਿਚੋਂ
ਨਿੱਘ ਦੀਆਂ ਲਪਟਾਂ ਉੱਠਦੀਆਂ ਸਨ।

ਜਾਂ

ਉਸ ਦੇ ਬੈਗ ਵਿਚ ਤਹਿ ਕੀਤੇ ਬੱਦਲਾਂ ਦੇ ਥਾਨ ਸਨ
ਤੇ ਕੈਮਰੇ ਵਿਚ ਲਾਲ੍ਹਾਂ ਦਾ ਇਕ ਬੁਸਿਆ ਹੋਇਆ ਛੱਪੜ।

**(iii) ਦ੍ਰਿਸ਼ਟਾਂਤ ਅਲੰਕਾਰ**

ਤੈਨੂੰ ਪਤਾ ਨਹੀਂ ਮੈਂ ਸ਼ਾਇਰੀ ਵਿਚ ਕਿਵੇਂ ਗਿਣਿਆ ਜਾਂਦਾ ਹਾਂ।
ਜਿਵੇਂ ਕਿਸੇ ਭਖੇ ਹੋਏ ਮੁਜ਼ਰੇ 'ਚ।
ਕੋਈ ਹੱਡਾ-ਰੋੜੀਂ ਦਾ ਕੁੱਤਾ ਆ ਵੜੇ।

**(iv) ਪੁਨਰੋਕਤੀ ਅਲੰਕਾਰ**

ਸ਼ਾਂਤੀ ਵੀਣੀ 'ਚ ਖੁਭੀ ਵੰਗ ਦਾ ਹੰਝੂ ਦੇ ਜੇਡਾ ਜਖ਼ਮ ਹੈ।
ਸ਼ਾਂਤੀ ਢੋਏ ਹੋਏ ਫ਼ਾਟਕ ਦੇ ਪਿਛੇ,
ਮੱਛਰੀਆਂ ਹਵੇਲੀਆਂ ਦਾ ਹਾਸਾ ਹੈ।
ਸ਼ਾਂਤੀ ਸੱਥਾਂ 'ਚ ਰੁਲਦੀਆਂ ਦਾੜ੍ਹੀਆਂ ਦਾ ਹਾਉਕਾ ਹੈ,

ਹੋਰ ਸ਼ਾਂਤੀ ਕੁਝ ਨਹੀਂ।

**(v) ਵਕ੍ਰੋਕਤੀ ਅਲੰਕਾਰ**

ਚਿੜੀਆਂ ਦਾ ਚੰਬਾ ਉੱਡ ਕੇ ਕਿਤੇ ਨਹੀਂ ਜਾਵੇਗਾ
ਐਥੇ ਹੀ ਕਿਤੇ ਉਰੇ ਪਰੇ ਲੁਕ ਕੇ,
ਕੱਲਮ ਕੱਲਿਆਂ ਰੋਇਆ ਕਰੇਗਾ।
ਸਰਾਪੇ ਜੋਬਨਾਂ ਦੇ ਮਰਸੀਏ ਗਾਇਆ ਕਰੇਗਾ।

**(vi) ਲੋਕੋਕਤੀ ਅਲੰਕਾਰ**

ਤੇਰੀ ਵੀ ਅੱਖ ਸੁਣਿਆ ਹੈ ਸੁਰਮਾ ਨਹੀਂ ਝੱਲਦੀ।
ਸੁਣਿਆ ਤੇਰੇ ਵੀ ਵਾਲਾਂ ਤੋਂ ਕੰਘੀ ਤ੍ਰਬ੍ਹਕਦੀ ਹੈ
ਤੇ ਸੁਣਿਆ ਮੇਰਾ ਵੀ ਕਤਲ ਇਤਿਹਾਸ ਦੇ ਔਦੇ ਸਫ਼ੇ ਤੇ ਲਿਖਿਆ ਹੈ।

**(vii) ਮਾਨਵੀਕਰਨ**

ਮੇਰੇ ਪਿੰਡ ! ਕਿਤੇ ਰਾਤ ਬਰਾਤੇ ਮੈਨੂੰ ਮਿਲਣ ਆ
ਜਦ ਜੇਲ੍ਹ ਦੇ ਗੁੰਮਟ ਤੇ ਬੈਠੀ ਦਹਿਸ਼ਤ ਤੇ ਜਹਾਲਤ ਦੀ ਗਿਰਝ
ਆਪਣੇ ਪਰਾਂ ਨੂੰ ਸਮੇਟ ਲੈਂਦੀ ਹੈ
ਸਿਰਫ਼ ਦਰਬਾਨ ਜਾਗਦੇ ਹੋਣੇ ਨੇ - ਉਨ੍ਹਾਂ ਦਾ ਕੀ ਹੈ
ਤੂੰ ਇਸ ਤਰ੍ਹਾਂ ਆਈਂ !
ਜਿਵੇਂ ਬਲਦੇ ਸਿਵੇ ਤੋਂ ਬੇਖਬਰ ਲੰਘ ਆਉਂਦਾ ਹੈ ਪਰਿੰਦਾ ਕੋਈ
ਤੇ ਛੱਤੀ ਚੱਕੀਆਂ ਕੋਲ ਆ ਕੇ ਪੁੱਛੀ,
ਮੇਰਾ ਉਹ ਨਜ਼ਰਬੰਦ ਕਿੱਥੇ ਹੈ ਜਿਸ ਦੀ ਨਜ਼ਰ
ਜਿਵੇਂ ਛੱਪੜ 'ਚ ਤੁਰਦੀ ਨਿੰਮਲ ਦੁਪਹਿਰ ਹੁੰਦੀ ਸੀ ....

### 1.7.1 ਕਾਵਿ ਰੂਪ

ਭਾਵੇਂ ਪਾਸ਼ ਨੇ ਵਧੇਰੇ ਕਰਕੇ ਖੁੱਲ੍ਹੀਆਂ ਕਵਿਤਾਵਾਂ ਹੀ ਲਿਖੀਆਂ ਹਨ, ਪਰੰਤੂ ਉਹ ਗੀਤ ਅਤੇ ਗ਼ਜ਼ਲ ਲਿਖਣ ਵਿਚ ਵੀ ਨਿਪੁੰਨ ਹੈ। ਉਸ ਵੱਲੋਂ ਖੁੱਲ੍ਹੀ ਕਵਿਤਾ ਲਿਖਣ ਦਾ ਵੱਡਾ ਕਾਰਨ ਇਹੀ ਹੈ ਕਿ ਇਸ ਦੇ ਮਾਧਿਅਮ ਦੁਆਰਾ ਉਹ ਵੰਗਾਰ ਅਤੇ ਲਲਕਾਰ ਦੇ ਸੰਦੇਸ਼ ਨੂੰ ਵਧੇਰੇ ਚੰਗੀ ਤਰ੍ਹਾਂ ਸੰਪ੍ਰੇਸ਼ਿਤ ਕਰ ਸਕਦਾ ਹੈ। ਗੀਤ ਅਤੇ ਗ਼ਜ਼ਲ ਵਿਚ ਇਸ ਸੰਦੇਸ਼ ਦੀ ਗਰਮੀ ਅਤੇ ਆਗ੍ਰਹਿ ਮੱਠੇ ਪੈ ਜਾਂਦੇ ਹਨ। 'ਸਾਡੇ ਸਮਿਆਂ ਵਿਚ' ਵਿਚ ਉਸ ਨੇ ਕਾਵਿ-ਰੂਪਾਂ ਦੀ ਦ੍ਰਿਸ਼ਟੀ ਤੋਂ ਬਹੁਤ ਵੰਨ-ਸੁਵੰਨਤਾ ਨਹੀਂ ਲਿਆਂਦੀ, ਬਲਕਿ ਖੁਲ੍ਹੀ ਕਵਿਤਾ ਦਾ ਹੀ ਪ੍ਰਯੋਗ ਕੀਤਾ ਹੈ, ਪਰ ਇਸ ਦੇ ਬਾਵਜੂਦ ਇਸ ਸੰਗ੍ਰਹਿ ਦੀਆਂ ਕਵਿਤਾਵਾਂ ਵਿਚ ਜਜ਼ਬਾ ਅਤੇ ਵੇਗ ਬਰਾਬਰ ਬਣੇ ਰਹੇ ਹਨ। ਇਨ੍ਹਾਂ ਵਿਚ ਕੋਈ ਕਮਜ਼ੋਰੀ ਨਹੀਂ ਆਈ। ਪਾਸ਼ ਨੇ ਇਨ੍ਹਾਂ ਕਵਿਤਾਵਾਂ ਵਿਚ ਜਜ਼ਬੇ ਦੀ ਸ਼ਿੱਦਤ ਨੂੰ ਬਣਾਈ ਰੱਖਣ ਵਾਸਤੇ ਸੰਭਾਸ਼ਣਤਾ (rhetorics) ਅਤੇ ਵਿਵਰਣਾਤਮਕ-ਵਿਧੀ (Cataloging method) ਦਾ ਪ੍ਰਯੋਗ ਕੀਤਾ ਹੈ। ਇਸ ਪ੍ਰਸੰਗ ਵਿਚ ਉਸ ਦੀ ਇਕ ਕਵਿਤਾ ਦੇ ਕੁਝ ਅੰਸ਼ ਦੇਖੋ :

ਮੁੰਡਿਓ, ਮੈਂ ਵੀ ਕਦੇ ਤੁਹਾਡੇ ਵਰਗਾ ਸਾਂ
ਨਿੱਕੀਆਂ-ਨਿੱਕੀਆਂ ਚੋਰੀਆਂ ਕਰਦਾ ਹੋਇਆ ਵੀ ਚੋਰ ਨਹੀਂ ਸਾਂ
ਗੱਲ-ਗੱਲ ਤੇ ਪੱਜ ਲਾਉਂਦਾ ਸਾਂ ਮੈਂ ਪਰ ਝੂਠਾ ਨਹੀਂ ਸਾਂ
ਨੰਗਾ ਨਹੀਂ ਸਮਝਿਆ ਜਾਂਦਾ ਸਾਂ ਭਾਵੇਂ ਨਿੱਤ ਹੀ ਕਪੜੇ ਲੰਗਾਰ ਪਰਤਦਾ।
ਬੁੜ੍ਹੀ ਪੁੰਨਾ ਦਾ ਵਿੰਗਾ ਚਰਖੇ ਦਾ ਤੱਕਲਾ ਸਦਾ ਈ ਮੇਰੇ ਸਿਰ ਲੱਗਦਾ
ਪਰ ਥਾਣੇ ਦੀਆਂ ਕਿਤਾਬਾਂ ਵਿਚ ਮੇਰਾ ਨਾਮ ਨਾ ਚੜ੍ਹਦਾ
ਘਰ ਦੇ ਚੌਕੇ ਦੀ ਨਿੱਕੀ ਜਹੀ ਮੁੰਡੇਰ
ਜਾਂ ਵਡੇਰਿਆਂ ਵਾਲੀ ਬੋਰੀ ਜਾਂ ਗਵਾਂਢੀਆਂ ਦੀ ਪੌੜੀ ਥੱਲੜਾ ਰਖਨਾ
ਮੇਰੇ ਲੁਕਣ ਲਈ ਕਾਫ਼ੀ ਸਨ।

(*ਜਿੱਥੇ ਕਵਿਤਾ ਖ਼ਤਮ ਨਹੀਂ ਹੁੰਦੀ* )

### 1.8.1 ਸ਼ਬਦ-ਭੰਡਾਰ

ਪਾਸ਼ ਦਾ ਸ਼ਬਦ-ਭੰਡਾਰ ਬੜਾ ਵਿਸ਼ਾਲ ਹੈ। ਇਸ ਵਿਚ ਕੇਂਦਰੀ ਪੰਜਾਬੀ ਤੋਂ ਛੁੱਟ ਦੁਆਬੀ, ਮਾਝੀ ਅਤੇ ਮਲਵਈ ਦੀਆਂ ਸ਼ਬਦ ਬਣਤਰਾਂ ਵੀ ਵੇਖੀਆਂ ਜਾ ਸਕਦੀਆਂ ਹਨ। ਪੰਜਾਬੀ ਸਾਹਿੱਤ ਦੀਆਂ ਪ੍ਰਮੁੱਖ ਧਾਰਾਵਾਂ ਤੋਂ ਪਰਿਚਿਤ ਹੋਣ ਕਰਕੇ ਉਸ ਦੀ ਕਵਿਤਾ ਵਿਚ ਗੁਰਮਤਿ, ਸੂਫ਼ੀ ਅਤੇ ਕਿੱਸਾ ਕਾਵਿ ਦੀ ਸੰਕਲਪਗਤ ਸ਼ਬਦਾਵਲੀ ਵੀ ਆ ਗਈ ਹੈ। ਉਸ ਦੀਆਂ ਕਵਿਤਾਵਾਂ ਵਿਚ ਉਰਦੂ-ਫ਼ਾਰਸੀ ਦੀ ਸ਼ਬਦਾਵਲੀ ਵੀ ਵੇਖੀ ਜਾ ਸਕਦੀ ਹੈ ਜਿਵੇਂ: ਜਮਹੂਰੀਅਤ, ਗੁਲਜ਼ਾਰ, ਪਾਸਬਾਨ, ਖ਼ਬਰ, ਹਰਫ਼, ਅਰਜ਼, ਤਲਬ, ਤਸਦੀਕ, ਬੇਸ਼ਿਕਵਾ, ਖੁਦ-ਬ-ਖੁਦ, ਰੋਜ਼ਨਾਮਚਾ, ਖਾਮੋਸ਼ੀ, ਤਖ਼ਤਪੋਸ਼, ਅਲਫ਼, ਫਿਤਰਤ, ਖੁਨਾਮੀ, ਇਕਬਾਲ, ਤਮਗਾ, ਖੁਦਕਸ਼ੀ, ਗੁਸਤਾਖ, ਬਾਦਸ਼ਾਹ, ਇਵਜ਼, ਕਬਰਸਤਾਨ ਆਦਿਕ। ਇਸੇ ਤਰ੍ਹਾਂ ਅੰਗ੍ਰੇਜ਼ੀ ਭਾਸ਼ਾ ਦੇ ਆਮ ਸਮਝੇ ਜਾ ਸਕਣ ਵਾਲੇ ਸ਼ਬਦ ਵੀ ਉਸ ਦੇ ਸ਼ਬਦ-ਭੰਡਾਰ ਦਾ ਹਿੱਸਾ ਬਣ ਗਏ ਹਨ; ਜਿਵੇਂ : ਏਅਰਗਨ, ਡੀਫ਼ੈਂਸ, ਪੈਨਸ਼ਨ, ਪਾਇਜ਼ਨ, ਸਟੋਰ, ਬੀ.ਐਸ.ਐਫ਼, ਨੈਸ਼ਨਲ ਐਂਥਮ, ਡਾਈਨਿੰਗ ਟੇਬਲ, ਯੂਨੀਵਰਸਿਟੀ, ਕਰਫ਼ਿਊ, ਲੰਚ, ਸਟੇਟ, ਕਾਮਰੇਡ, ਫ਼ੀਅਟ, ਫਾਇਰ, ਮੈਨੀਫ਼ੈਸਟੋ ਆਦਿਕ। ਇਸ ਤਰ੍ਹਾਂ ਪਾਸ਼ ਦਾ ਸ਼ਬਦ-ਭੰਡਾਰ ਇਕ ਆਧੁਨਿਕ ਪੜ੍ਹੇ-ਲਿਖੇ ਵਿਅਕਤੀ ਦੀ ਸੋਚ ਨੂੰ ਪੂਰੀ ਤਰ੍ਹਾਂ ਪ੍ਰਤੀਬਿੰਬਤ ਕਰ ਸਕਣ ਦੇ ਸਮਰੱਥ ਹੈ।

### 1.9.1 ਨਿਚੋੜ :

ਆਧੁਨਿਕ ਪੰਜਾਬੀ ਕਾਵਿ ਦੇ ਖੇਤਰ ਵਿਚ ਪਾਸ਼ ਇਕ ਬੇਹੱਦ ਪ੍ਰਤਿਭਾਸ਼ੀਲ ਕਵੀ ਸੀ। 1960 ਈ. ਤੋਂ ਬਾਅਦ ਜਦੋਂ ਰੋਮਾਂਟਿਕ-ਪ੍ਰਗਤੀਵਾਦੀ ਕਾਵਿਧਾਰਾ ਵਿਚ ਵਿਸ਼ੈ ਅਤੇ ਅਭਿਵਿਅਕਤੀ ਦੀ ਦ੍ਰਿਸ਼ਟੀ ਤੋਂ ਇਕ ਜਮੂਦ ਆਉਣ ਲੱਗਿਆ ਤਾਂ ਨਕਸਲਵਾਦੀ ਧਾਰਾ ਨੇ ਇਸ ਜਮੂਦ ਨੂੰ ਤੋੜਿਆ ਅਤੇ ਆਮ ਆਦਮੀ ਦੇ ਭਾਸ਼ਾਈ ਮੁਹਾਵਰੇ ਵਿਚ ਨਵੀਂ ਕਾਵਿਧਾਰਾ ਨੂੰ ਜਨਮ ਦਿੱਤਾ। ਉਸ ਦੁਆਰਾ ਵਰਤੇ ਗਏ ਬਿੰਬ ਅਤੇ ਚਿੰਨ੍ਹ ਪੰਜਾਬੀ ਸਭਿਆਚਾਰ ਵਿਚੋਂ ਲਏ ਗਏ ਹਨ। ਇਸ ਕਾਰਨ ਉਹ ਲੋਕ-ਮਾਨਸ ਉੱਪਰ ਬੜਾ ਸਪਸ਼ਟ ਪ੍ਰਭਾਵ ਪਾਉਂਦੇ ਹਨ। ਉਸ ਦੇ ਸੰਬੋਧਨਮਈ ਕਾਵਿ ਨੂੰ ਤਿੱਖਾ ਅਤੇ ਡੂੰਘਾ ਬਨਾਉਣ ਵਿਚ ਵਿਅੰਗ-ਵਿਧੀ ਵੱਡਾ ਯੋਗਦਾਨ ਪਾਉਂਦੀ ਹੈ। ਵਿਅੰਗ, ਲੋਕ-ਚੇਤਨਾ ਨੂੰ ਉਸਾਰਨ ਵਿਚ ਨਿਰਣਾਇਕ ਭੂਮਿਕਾ ਨਿਭਾਉਂਦਾ ਹੈ। ਖੁਲ੍ਹੀ ਕਵਿਤਾ, ਗੀਤਾਂ ਅਤੇ ਛੰਦ ਬੱਧ ਕਵਿਤਾਵਾਂ ਆਦਿਕ ਸਾਰੇ ਕਾਵਿ-ਰੂਪ ਪਾਸ਼ ਦੇ ਕਾਵਿ-ਸੰਸਾਰ ਵਿਚ ਵਰਤੇ ਗਏ ਹਨ, ਪਰੰਤੂ ਉਸ ਦਾ ਸਭ ਤੋਂ ਮਨਭਾਉਂਦਾ ਕਾਵਿ-ਰੂਪ ਖੁਲ੍ਹੀ ਕਵਿਤਾ ਰਿਹਾ ਹੈ, ਕਿਉਂਕਿ ਇਸ ਵਿਚ ਉਸ ਦੀ ਇਨਕਲਾਬੀ ਵਿਚਾਰਧਾਰਾ ਅਤੇ ਜਜ਼ਬੇ ਦੀ ਸ਼ਿੱਦਤ ਦੋਵੇਂ ਬਰਕਰਾਰ ਰਹਿੰਦੇ ਹਨ। ਨਿਸ਼ਚੈ ਹੀ ਪਾਸ਼ ਆਧੁਨਿਕ ਪੰਜਾਬੀ ਕਾਵਿ ਨੂੰ ਵਿਸ਼ੈ ਅਤੇ ਰੂਪ ਦੇ ਪੱਖੋਂ ਵੱਡਮੁੱਲੀ ਦੇਣ ਪ੍ਰਦਾਨ ਕਰਦਾ ਹੈ।

## ਸਹਾਇਕ ਪੁਸਤਕਾਵਲੀ


1. ਅਤਰ ਸਿੰਘ, *ਸਾਹਿੱਤ ਸੰਵੇਦਨਾ,* ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1984.
2. ਪਰਮਿੰਦਰ ਸਿੰਘ, *ਪ੍ਰਗਤੀਵਾਦੀ ਪੰਜਾਬੀ ਸਾਹਿੱਤ ਦੇ ਪੰਜਾਹ ਸਾਲ,* ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ, 1989.
3. ਬਲਜੀਤ ਕੌਰ, ਡਾ., *ਆਧੁਨਿਕ ਪੰਜਾਬੀ ਕਾਵਿ : ਸੁਹਜ ਦ੍ਰਿਸ਼ਟੀ,* ਦੀਪਕ ਪਬਲਿਸ਼ਰਜ਼, ਜਲੰਧਰ, 1986.
4. ਰਵਿੰਦਰ ਰਵੀ, ਡਾ., *ਵਿਰਸਾ ਤੇ ਵਰਤਮਾਨ,* ਪੰਜਾਬ ਪ੍ਰਕਾਸ਼ਨ, ਚੰਡੀਗੜ੍ਹ, 1986.
5. ਪ੍ਰੇਮ ਪਾਲੀ, *ਮੈਂ, ਅਸੀਂ ਅਤੇ ਤੁਸੀਂ,* ਮਾਨਵਗੀਤ ਪਬਲੀਕੇਸ਼ਨ, ਫ਼ਰੀਦਕੋਟ, 1998.


## ਅਭਿਆਸ ਲਈ ਪ੍ਰਸ਼ਨ

1. ਪਾਸ਼ ਦੇ ਕਾਵਿ-ਸੰਗ੍ਰਹਿ 'ਸਾਡੇ ਸਮਿਆਂ ਵਿਚ' ਦੇ ਰੂਪ-ਪੱਖ ਉੱਤੇ ਇਕ ਵਿਸ਼ਲੇਸ਼ਣਾਤਮਕ ਨੋਟ ਲਿਖੋ।
2. ਪਾਸ਼ ਦੇ ਬਿੰਬ-ਵਿਧਾਨ ਉੱਤੇ ਇਕ ਆਲੋਚਨਾਤਮਕ ਨੋਟ ਲਿਖੋ।
3. ਪਾਸ਼ ਦੀ ਕਾਵਿ-ਸ਼ੈਲੀ ਅਤੇ ਵਿਅੰਗ-ਵਿਧੀ ਦਾ ਵਿਸ਼ਲੇਸ਼ਣ ਕਰੋ।

ਪਾਠ ਨੰਬਰ : 2.4

ਲੇਖਕ : ਪ੍ਰੋ. ਬ੍ਰਹਮ ਜਗਦੀਸ਼ ਸਿੰਘ

# ਪਾਸ਼ ਦੀ ਆਧੁਨਿਕ ਪੰਜਾਬੀ ਕਾਵਿ ਨੂੰ ਦੇਣ

## 1.1 ਮੰਤਵ

ਪਾਸ਼ ਨਵ-ਪ੍ਰਗਤੀਵਾਦੀ ਪੰਜਾਬੀ ਕਵਿਤਾ ਦਾ ਇਕ ਪ੍ਰਤਿਭਾਸ਼ੀਲ ਕਵੀ ਸੀ। ਉਸ ਨੇ ਪੰਦਰਾਂ-ਸੋਲਾਂ ਵਰ੍ਹੇ ਦੀ ਕਿਸ਼ੋਰ ਅਵਸਥਾ ਵਿਚ ਹੀ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਸਨ ਅਤੇ ਆਪਣੇ ਅੰਤਿਮ ਸਮੇਂ (1988) ਤੱਕ ਉਹ ਕਾਵਿ-ਕਰਮ ਨਾਲ ਜੁੜਿਆ ਰਿਹਾ। 1969 ਵਿਚ ਉਸ ਦਾ ਨਕਸਲਵਾਦੀ ਲਹਿਰ ਨਾਲ ਸੰਪਰਕ ਸਥਾਪਿਤ ਹੋ ਗਿਆ ਅਤੇ ਉਸ ਪਿੱਛੋਂ ਉਸ ਨੇ ਇਸੇ ਲਹਿਰ ਦੇ ਉਦੇਸ਼ਾਂ ਦੀ ਪੇਸ਼ਕਾਰੀ ਕਰਨ ਵਾਲੀਆਂ ਵਿਧਾਵਾਂ ਸ਼ੁਰੂ ਕਰ ਦਿੱਤੀਆਂ। ਇਸ ਤਰ੍ਹਾਂ ਪਾਸ਼ ਅਤੇ ਉਸ ਦੇ ਕੁਝ ਹੋਰ ਨਕਸਲਵਾਦੀ ਕਵੀਆਂ ਦੇ ਆਗਮਨ ਨਾਲ ਆਧੁਨਿਕ ਪੰਜਾਬੀ ਕਾਵਿ ਦੇ ਖੇਤਰ ਵਿਚ ਇਕ ਨਵੇਂ ਦੌਰ ਦਾ ਆਰੰਭ ਹੁੰਦਾ ਹੈ। ਇਨ੍ਹਾਂ ਕਵੀਆਂ ਨੇ ਵਿਸ਼ੇ-ਵਸਤੂ, ਰੂਪ-ਪ੍ਰਬੰਧ ਅਤੇ ਬੋਲੀ-ਸ਼ੈਲੀ ਦੇ ਪੱਖੋਂ ਆਧੁਨਿਕ ਪੰਜਾਬੀ ਕਾਵਿ ਨੂੰ ਇਕ ਨਵੀਂ ਪਹਿਚਾਣ ਦਿੱਤੀ। ਇਸ ਪਾਠ ਵਿਚ ਅਸੀਂ ਨਕਸਲਵਾਦੀ ਕਵੀਆਂ, ਵਿਸ਼ੇਸ਼ ਕਰ ਪਾਸ਼ ਦੀ ਦੇਣ ਬਾਰੇ ਜਾਣਕਾਰੀ ਦੇਵਾਂਗੇ।

## 1.2 ਰੂਪ-ਰੇਖਾ

ਇਸ ਪਾਠ ਵਿਚ ਪਾਸ਼ ਦੀ ਆਧੁਨਿਕ ਪੰਜਾਬੀ ਕਾਵਿ ਨੂੰ ਸਰਵਪੱਖੀ ਦੇਣ ਬਾਰੇ ਵਿਚਾਰ ਕੀਤਾ ਗਿਆ ਹੈ। ਅਨੁਭਵ, ਵਿਚਾਰਧਾਰਾ ਅਤੇ ਰੂਪ-ਪ੍ਰਬੰਧ ਦੀ ਦ੍ਰਿਸ਼ਟੀ ਤੋਂ ਪਾਸ਼ ਨੇ ਪੰਜਾਬੀ ਕਵਿਤਾ ਨੂੰ ਜੋ ਦੇਣ ਦਿੱਤੀ ਹੈ, ਉਸ ਦਾ ਵਿਸ਼ਲੇਸ਼ਣ ਅਤੇ ਮੁਲੰਕਣ ਕੀਤਾ ਜਾ ਰਿਹਾ ਹੈ। ਪਾਸ਼ ਇਕ ਮੌਲਿਕ ਅਤੇ ਸਮਰੱਥ ਕਵੀ ਸੀ। ਉਹ ਪੰਜਾਬੀ ਕਾਵਿ ਦੀ ਪਰੰਪਰਾ ਨਾਲ ਸੰਵਾਦ ਰਚਾਉਂਦਾ ਹੋਇਆ ਆਪਣੇ ਨਵੇਕਲੇ ਹਸਤਾਖਰ ਸਥਾਪਿਤ ਕਰਨ ਲਈ ਵੀ ਪ੍ਰਯਤਨਸ਼ੀਲ ਸੀ। ਉਹ ਨਕਸਲਵਾਦੀ ਕਾਵਿ-ਧਾਰਾ ਦਾ ਇਕ ਸ਼੍ਰੋਮਣੀ ਕਵੀ ਸੀ। ਇਸ ਦੇ ਨਾਲ ਹੀ ਉਹ ਆਪਣੇ ਦੌਰ ਦੇ ਕੁਝ ਹੋਰ, ਵੱਖਰੀਆਂ ਧਾਰਾਵਾਂ ਨਾਲ ਜੁੜੇ ਕਵੀਆਂ ਸੁਰਜੀਤ ਪਾਤਰ, ਅਮਿਤੋਜ ਅਤੇ ਸ਼ਿਵ ਕੁਮਾਰ ਆਦਿਕ ਨਾਲ ਵੀ ਸੰਵਾਦ ਰਚਾਉਂਦਾ ਹੈ। ਨਕਸਲਵਾਦੀ ਕਵੀਆਂ ਦੀ ਸਭ ਤੋਂ ਵੱਡੀ ਦੇਣ ਇਹੋ ਰਹੀ ਕਿ ਇਕ ਵਾਰ ਤਾਂ ਇਸ ਨੇ ਪੰਜਾਬੀ ਦੇ ਹਰ ਕਵੀ ਨੂੰ ਆਪਣੇ ਵੱਲ ਆਕ੍ਰਸ਼ਿਤ ਕਰ ਲਿਆ ਅਤੇ ਨਵ-ਪ੍ਰਗਤੀਵਾਦੀ ਕਵਿਤਾ ਲਿਖਣ ਵੱਲ ਲਾ ਲਿਆ। ਸਮਾਜਿਕ ਅਤੇ ਸਭਿਆਚਾਰਕ ਤੌਰ ਤੇ ਪ੍ਰਾਸੰਗਿਕ ਹੋਣ ਕਰਕੇ ਪਾਸ਼ ਅਤੇ ਉਸ ਦੇ ਸਾਥੀ ਨਕਸਲਵਾਦੀ ਕਵੀ ਲਗਭਗ ਇਕ ਦਹਾਕਾ ਆਧੁਨਿਕ ਪੰਜਾਬੀ ਕਾਵਿ ਦੇ ਖੇਤਰ ਵਿਚ ਛਾਏ ਰਹੇ ਸਨ।

### 1.3.1 ਪਾਸ਼ ਅਤੇ ਉਸ ਦਾ ਸਾਹਿਤਿਕ ਯੋਗਦਾਨ

ਪਾਸ਼ ਨੇ 1965-66 ਈ. ਤੋਂ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ ਸੀ। 1970 ਈ. ਵਿਚ ਉਸ ਦਾ ਪਹਿਲਾ ਕਾਵਿ-ਸੰਗ੍ਰਹਿ 'ਲੋਹ ਕਥਾ' ਪ੍ਰਕਾਸ਼ਿਤ ਹੋਇਆ। ਉਸ ਸਮੇਂ ਪਾਸ਼ ਦੀ ਉਮਰ ਕੇਵਲ ਵੀਹ ਵਰ੍ਹਿਆਂ ਦੀ ਸੀ। ਪਾਸ਼ ਦੇ ਰਚਨਾਤਮਕ ਦੌਰ ਦੀ ਸ਼ੁਰੂਆਤ ਸਮੇਂ ਪੰਜਾਬੀ ਵਿਚ ਪ੍ਰਯੋਗਵਾਦੀ ਜਾਂ ਆਧੁਨਿਕਵਾਦੀ ਕਵਿਤਾ ਦਾ ਬੋਲ-ਬਾਲਾ ਸੀ। ਹਰਿਭਜਨ ਸਿੰਘ, ਜਸਬੀਰ ਸਿੰਘ ਆਹਲੂਵਾਲੀਆਂ, ਰਵਿੰਦਰ ਰਵੀ, ਅਜਾਇਬ ਕਮਲ, ਤਾਰਾ ਸਿੰਘ ਅਤੇ ਸ.ਸ. ਮੀਸ਼ਾ ਵਰਗੇ ਕਵੀ ਆਧੁਨਿਕਵਾਦ ਦੇ ਪ੍ਰਭਾਵ ਅਧੀਨ ਸਮਾਜਿਕ ਜੱਦੋ-ਜਹਿਦ ਤੋਂ ਵਿਜੋਗੀਆਂ ਹੋਈਆਂ ਆਧੁਨਿਕ ਕਵਿਤਾਵਾਂ ਲਿਖ ਰਹੇ ਸਨ। ਇਹ ਕਵਿਤਾਵਾਂ ਪ੍ਰਗਤੀਵਾਦ ਦੇ ਰੂੜ੍ਹ ਹੋ ਚੁੱਕੇ ਕਾਵਿਕ-ਮੁਹਾਵਰੇ ਦਾ ਸੁਚੇਤ ਪੱਧਰ ਤੇ ਵਿਰੋਧ ਕਰ ਰਹੀਆਂ ਸਨ। ਇਸ ਕਿਸਮ ਦੇ ਪ੍ਰਯੋਗਵਾਦੀ ਕਾਵਿ ਵਿਚ ਜੀਵਨ ਤੋਂ ਟੁੱਟੇ, ਉਪਰਾਮ ਅਤੇ ਅਜਨਬੀ ਬਣ ਚੁੱਕੇ ਵਿਅਕਤੀ ਦੇ ਖੰਡਿਤ ਅਨੁਭਵ ਨੂੰ ਰੂਪਮਾਨ ਕੀਤਾ ਜਾ ਰਿਹਾ ਸੀ। ਕੁਝ ਸਮਾਂ ਜਗਤਾਰ, ਸੁਰਜੀਤ ਪਾਤਰ ਅਤੇ ਅਮਿਤੋਜ ਵਰਗੇ ਕਵੀਆਂ ਨੇ ਵੀ ਪ੍ਰਯੋਗਵਾਦੀ ਅਨੁਭਵ ਦੀਆਂ ਕਵਿਤਾਵਾਂ ਲਿਖੀਆਂ ਪਰੰਤੂ ਬਾਅਦ ਵਿਚ ਇਹ ਕਵੀ ਇਸ ਪ੍ਰਕਾਰ ਦੇ ਅਨੁਭਵ ਨੂੰ ਅਪ੍ਰਮਾਣੀਕ ਮੰਨਦੇ ਹੋਏ ਜੁਝਾਰਵਾਦੀ ਕਾਵਿ ਵੱਲ ਆਕ੍ਰਸ਼ਿਤ ਹੋ ਗਏ। ਬੇਸ਼ਕ ਇਨ੍ਹਾਂ ਤਿੰਨਾਂ ਕਵੀਆਂ ਨੇ ਪਾਸ਼ ਅਤੇ ਉਸ ਦੇ ਸਹਿਯੋਗੀ ਨਕਸਲਵਾਦੀ ਕਵੀਆਂ ਵਾਂਗ ਜੁਝਾਰਵਾਦੀ (ਨਵ-ਪ੍ਰਗਤੀਵਾਦੀ) ਕਵੀਆਂ ਨਾਲ ਸੰਪੂਰਨ ਵਫ਼ਾ ਤਾਂ ਨਾ ਨਿਭਾਈ, ਪਰੰਤੂ ਤਾਂ ਵੀ ਉਨ੍ਹਾਂ ਨੇ ਪ੍ਰਯੋਗਵਾਦੀ ਕਾਵਿ ਨਾਲ ਆਪਣਾ ਕੋਈ ਰਿਸ਼ਤਾ ਨਾ ਰਖਿਆ। ਇਸ ਤਰ੍ਹਾਂ ਪਾਸ਼ ਦਾ ਆਧੁਨਿਕ ਪੰਜਾਬੀ ਕਾਵਿ ਨੂੰ ਵੱਡਾ ਯੋਗਦਾਨ ਇਹੀ ਮੰਨਿਆ ਜਾਵੇਗਾ ਕਿ ਉਸ ਨੇ ਜੀਵਨ ਅਤੇ ਸਾਹਿੱਤ ਦੇ ਸਬੰਧਾਂ ਨੂੰ ਨਵੇਂ ਸਿਰਿਉਂ ਪਰਿਭਾਸ਼ਿਤ ਕੀਤਾ ਅਤੇ ਪ੍ਰਯੋਗਵਾਦ ਦਾ ਵਿਰੋਧ ਕਰਕੇ ਅਵਾਮਪੱਖੀ ਕਵਿਤਾਵਾਂ ਲਿਖੀਆਂ ਅਤੇ ਆਪਣੇ

ਸਹਿਯੋਗੀ ਕਵੀਆਂ ਨੂੰ ਵੀ ਇਸੇ ਦਿਸ਼ਾ ਵੱਲ ਪ੍ਰੇਰਿਤ ਕੀਤਾ। ਕਵਿਤਾ ਦੀ ਪਰਿਭਾਸ਼ਾ ਕਰਦਾ ਹੋਇਆ ਪਾਸ਼ ਬਿਲਕੁਲ ਠੀਕ ਕਹਿੰਦਾ ਹੈ, ''ਵਿਅਕਤੀ ਸੁਤੰਤਰਤਾ ਦੇ ਰੁਝਾਨ ਨੇ ਪੰਜਾਬੀ ਕਵਿਤਾ ਵਿਚ ਸਮਾਜਿਕ ਨਿਖੇਦ ਨੂੰ ਪ੍ਰਚਾਰਿਆ। ਮਗਰੋਂ ਵਿਅਕਤੀ ਅਪੂਰਨਤਾ ਅਤੇ ਬੇਬਸੀ ਦੇ ਤਨਜ਼ੀਆ ਪ੍ਰਗਟਾ ਨੇ ਟਕੋਰ ਵਿਧੀ ਦੇ ਆਸਰੇ ਵਿਅਕਤੀ ਉਭਾਰ ਕੇ ਕੇਂਦਰ ਬਣਾ ਦਿੱਤਾ ਅਤੇ ਸਮਾਜਿਕਤਾ ਪ੍ਰਤੀ ਅਲਗਾਉ ਦੀ ਰੁਚੀ ਨੂੰ ਬਲ ਬਖਸ਼ਿਆ।'' ਪਾਸ਼ ਦੀ ਕਵਿਤਾ ਇਸ ਰੁਝਾਣ ਦੇ ਵਿਰੁੱਧ ਡਟ ਕੇ ਖਲੋਂਦੀ ਹੈ। ਪਾਸ਼ ਪ੍ਰਯੋਗਵਾਦੀ ਢੰਗ ਦੀਆਂ ਕਵਿਤਾਵਾਂ ਲਿਖਣ ਤੋਂ ਇਨਕਾਰ ਕਰਦਾ ਹੋਇਆ ਕਹਿੰਦਾ ਹੈ :

ਮੇਰੇ ਤੋਂ ਆਸ ਨ ਕਰਿਓ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ
ਤੁਹਾਡੇ ਚਗਲੇ ਹੋਏ ਸਵਾਦਾਂ ਦੀ ਗੱਲ ਕਰਾਂਗਾ।
ਜਿਨ੍ਹਾਂ ਦੇ ਹੜ੍ਹ 'ਚ ਰੁੜ ਜਾਂਦੀ ਹੈ
ਸਾਡੇ ਬੱਚਿਆਂ ਦੀ ਤੋਤਲੀ ਕਵਿਤਾ,
ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ।

(*ਇਨਕਾਰ* )

1.3.2 ਆਧੁਨਿਕ ਪੰਜਾਬੀ ਕਾਵਿ ਨੂੰ ਪਾਸ਼ ਦੀ ਇਕ ਹੋਰ ਪ੍ਰਮੁੱਖ ਦੇਣ ਵਿਸ਼ੇ-ਵਸਤੂ ਦੇ ਖੇਤਰ ਵਿਚ ਹੈ। ਪਾਸ਼ ਅਤੇ ਉਸ ਦੇ ਸਮਕਾਲੀ ਨਕਸਲਵਾਦੀ ਕਵੀ ਜਾਗੀਰਦਾਰੀ ਪ੍ਰਬੰਧ ਨੂੰ ਤਿੱਖੀ ਨਫ਼ਰਤ ਕਰਦੇ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਇਸ ਪ੍ਰਬੰਧ ਨੂੰ ਵੋਟ-ਪਰਚੀਆਂ ਦੇ ਮਾਧਿਅਮ ਦੁਆਰਾ ਨਹੀਂ ਬਦਲਿਆ ਜਾ ਸਕਦਾ ਕਿਉਂਕਿ ਜਾਗੀਰਦਾਰੀ ਪ੍ਰਬੰਧ ਨੂੰ ਰਾਜ ਸੱਤਾ, ਪੁਲਿਸ ਅਫ਼ਸਰਾਂ ਅਤੇ ਭ੍ਰਸ਼ਟ ਨੌਕਰਸ਼ਾਹੀ ਦੀ ਸਰਪਰਸਤੀ ਹਾਸਲ ਹੈ। ਇਸ ਨੂੰ ਬਦਲਣ ਦਾ ਇਕੋ-ਇਕ ਢੰਗ ਬੰਦੂਕ ਦੀ ਗੋਲੀ ਹੈ। ਮਾਓ-ਜੇ-ਤੁੰਗ ਨੇ ਵੀ ਇਸੇ ਵਿਚਾਰਧਾਰਾ ਦਾ ਸਮਰਥਨ ਕੀਤਾ ਸੀ। ਉਹ ਕਿਹਾ ਕਰਦਾ ਸੀ ਕਿ ਰਾਜਸੀ ਤਾਕਤ ਬੰਦੂਕ ਦੀ ਗੋਲੀ ਵਿਚੋਂ ਹਾਸਲ ਹੁੰਦੀ ਹੈ। ਸੋ ਨਕਸਲਵਾਦੀ ਕਵੀ ਵੀ ਇਸੇ ਤਰ੍ਹਾਂ ਸੋਚਦੇ ਸਨ। ਇਸ ਮੰਤਵ ਲਈ ਉਹ ਗੁਰੀਲਾ ਢੰਗ ਦਾ ਯੁੱਧ ਲੜਨ ਦੀ ਸਲਾਹ ਦਿੰਦੇ ਹਨ। ਪਾਸ਼ ਦੀਆਂ ਕਵਿਤਾਵਾਂ ਵਿਚ ਥਾਂ-ਪੁਰ-ਥਾਂ ਯੁੱਧ ਲੜਨ ਦਾ ਜ਼ਿਕਰ ਆਉਂਦਾ ਹੈ। ਜਿਥੇ ਪ੍ਰਗਤੀਵਾਦੀ ਕਵਿਤਾ, ਰੂਸੀ ਇਨਕਲਾਬ ਨੂੰ ਆਪਣਾ ਮਾਡਲ ਮੰਨ ਕੇ ਕਮਿਊਨਿਸਟ ਵਿਚਾਰਧਾਰਾ ਦੀ ਪ੍ਰਸ਼ੰਸਾ ਕਰਦੀ ਹੈ, ਉੱਥੇ ਨਕਸਲਵਾਦੀ (ਨਵ-ਪ੍ਰਗਤੀਵਾਦੀ) ਕਾਵਿਧਾਰਾ, ਚੀਨ ਵਿਚ ਹੋਏ ਸਭਿਆਚਾਰਕ ਇਨਕਲਾਬ ਨੂੰ ਆਪਣਾ ਆਦਰਸ਼ ਮੰਨ ਕੇ ਸਭਿਆਚਾਰਕ ਕਦਰਾਂ-ਕੀਮਤਾਂ ਦੇ ਇਨਕਲਾਬੀ ਵਿਰਸੇ ਦਾ ਪ੍ਰਯੋਗ ਕਰਨ ਦੀ ਹਮਾਇਤ ਕਰਦੀ ਹੈ। ਇਸ ਵਿਧੀ ਕਾਰਨ ਪ੍ਰਗਤੀਵਾਦੀ ਕਾਵਿ-ਧਾਰਾ ਨਾਲੋਂ ਨਕਸਲਵਾਦੀ ਕਾਵਿ-ਧਾਰਾ ਆਮ ਲੋਕਾਂ ਵਿਚ ਵਧੇਰੇ ਮਕਬੂਲ ਹੋਈ।

1.3.3 ਪ੍ਰਗਤੀਵਾਦੀ ਕਾਵਿ-ਧਾਰਾ ਉਦਯੋਗਵਾਦੀ ਪਰਿਵੇਸ਼ ਵਿਚੋਂ ਉਭਰਦੀ ਹੈ। ਸ਼ਹਿਰੀ ਮਜ਼ਦੂਰ ਇਸ ਕਾਵਿ-ਧਾਰਾ ਦੇ ਇਕ ਨਾਇਕ ਵਜੋਂ ਪੇਸ਼ ਹੁੰਦਾ ਹੈ। ਪ੍ਰਗਤੀਵਾਦੀ ਚਿੰਤਕਾਂ ਦਾ ਵਿਚਾਰ ਸੀ ਕਿ ਉਹ ਵੱਡੇ-ਵੱਡੇ ਉਦਯੋਗਾਂ ਅਤੇ ਕਾਰਖਾਨਿਆਂ ਦੇ ਹਵਾਲੇ ਨਾਲ ਪੂੰਜੀਪਤੀਆਂ ਦੇ ਵਿਰੁੱਧ ਸੰਘਰਸ਼ ਕਰਕੇ ਇਸ ਵਰਗ ਨੂੰ ਮਾਤ ਦੇਵੇਗਾ ਅਤੇ ਸਮਾਜਵਾਦੀ ਪ੍ਰਬੰਧ ਦੀ ਸਥਾਪਨਾ ਹੋ ਜਾਵੇਗੀ। ਪਰੰਤੂ ਭਾਰਤਵਰਸ਼ ਵਰਗੇ ਦੇਸ਼ਾਂ ਵਿਚ ਪੂੰਜੀਪਤੀਆਂ ਅਤੇ ਮਜ਼ਦੂਰਾਂ ਦੇ ਦਰਮਿਆਨ ਸੰਘਰਸ਼ ਏਨਾ ਪ੍ਰਬਲ ਨਹੀਂ ਕਿ ਉਹ ਕਿਸੇ ਇਨਕਲਾਬ ਨੂੰ ਜਨਮ ਦੇ ਸਕੇ। ਇਥੇ ਮਜ਼ਦੂਰ ਵਰਗ ਇਕ ਬਹੁਤ ਛੋਟੀ ਜਿਹੀ ਧਿਰ ਹੈ। ਵੱਡੀ ਧਿਰ ਨਿਮਨ ਅਤੇ ਮੱਧਵਰਗੀ ਕਿਸਾਨਾਂ ਦੀ ਹੈ ਅਤੇ ਉਨ੍ਹਾਂ ਦਾ ਵਿਰੋਧ ਜਾਗੀਰਦਾਰਾਂ ਨਾਲ ਹੈ। ਭਾਰਤੀ ਪਰਿਸਥਿਤੀਆਂ ਅਨੁਸਾਰ ਇਨਕਲਾਬ ਲਿਆਉਣ ਵਾਸਤੇ ਮਜ਼ਦੂਰ ਉਤਨਾ ਯੋਗਦਾਨ ਨਹੀਂ ਪਾ ਸਕਦੇ, ਜਿੰਨਾ ਛੋਟੇ ਕਿਰਸਾਨ ਅਤੇ ਸੀਰੀ ਪਾ ਸਕਦੇ ਹਨ। ਇਹੀ ਕਾਰਨ ਹੈ ਕਿ ਪਾਸ਼ ਵਰਗੇ ਨਕਸਲਵਾਦੀ ਕਵੀਆਂ ਦੀਆਂ ਰਚਨਾਵਾਂ ਵਿਚ ਕਿਸਾਨਾਂ ਅਤੇ ਸੀਰੀਆਂ ਦੀ ਆਰਥਿਕ ਮੰਦਹਾਲੀ ਦਾ ਚਿੱਤਰ ਪੇਸ਼ ਕਰਕੇ ਉਨ੍ਹਾਂ ਨੂੰ ਇਨਕਲਾਬੀ ਸਫ਼ਾਂ ਵਿਚ ਪ੍ਰਵੇਸ਼ ਕਰਨ ਲਈ ਲਲਕਾਰਿਆ ਗਿਆ ਹੈ, ਦੇਖੋ :

ਟਪੂੰ ਟਪੂੰ ਦੀ ਉਮਰੇ
ਜੋ ਹਲ ਮਗਰ ਫਿਰ ਫਿਰ ਕੇ
ਤੁਸੀਂ ਖੁੱਚਾਂ ਦਾ ਧੰਦਾ ਸਾਰ ਲੈਂਦੇ ਹੋ
ਤੇ ਕੂਲੇ ਸੁਫ਼ਨਿਆਂ ਨੂੰ
ਮੁਸ਼ਕੇ ਹੋਏ ਕੁੜਤੇ ਵਾਂਗ ਛੰਡ ਕੇ
ਵਾੜ ਉੱਤੇ ਟੰਗ ਛੱਡਦੇ ਹੋ
ਕੌਣ ਲਾ ਸਕਦੈ ਤੁਹਾਡੀ ਜੀਭ ਨੂੰ ਤਾਲਾ

ਤੁਸੀਂ ਤਾਂ ਚਿੰਘਾੜੋਗੇ ਦਾਰੂ ਦੀ ਘੁੱਟ ਪੀ ਕੇ
ਤੁਸੀਂ ਨੰਗੇਜ਼ ਕੱਢ ਦੇਵੋਗੇ ਸ਼ਬਦਾਂ 'ਚੋਂ
ਤੁਸੀਂ ਜਾ ਟਪਕੋਗੇ ਰਾਜੇ ਰਾਣੀ ਦੀ ਬਾਤ ਵਿਚ
ਫੁੱਲਾਂ ਦੇ ਭਾਰ ਤੁਲਦੀ ਉਸ ਰਾਜੇ ਦੀ ਬੇਟੀ ਨੂੰ
ਡਾਂਗ ਅੱਗੇ ਲਾ ਕੇ ਹੱਕਣ ਲਈ
ਜੋ ਹੋਣੀਆਂ ਨਾਲ ਘੁਲਣ ਦੀਆਂ ਰੱਖਦੀ ਹੈ ਸਰਤਾਂ
ਕੇਵਲ ਚਾਰ ਭਵਾਂਟਣੀਆਂ ਬਦਲੇ।

(*ਉੱਡਦੇ ਬਾਜ ਮਗਰ,* ਪੰਨਾ 78)

1.3.4 'ਲੋਹ ਕਥਾ' ਤੋਂ ਲੈ ਕੇ 'ਸਾਡੇ ਸਮਿਆਂ ਵਿਚ' ਤੱਕ ਪਾਸ਼ ਦੀ ਕਵਿਤਾ ਨੇ ਵਿਚਾਰਧਾਰਕ ਅਤੇ ਪ੍ਰਤੀਬੱਧਤਾ ਦੀ ਦ੍ਰਿਸ਼ਟੀ ਤੋਂ ਨਿਰੰਤਰ ਵਿਕਾਸ ਕੀਤਾ ਹੈ। 'ਲੋਹ ਕਥਾ' ਵਿਚਲੀਆਂ ਕਵਿਤਾਵਾਂ ਦਾ ਵਕਤਾ ਅਜਿਹਾ ਨੌਜਵਾਨ ਹੈ, ਜੋ ਮੁਸ਼ਕਿਲ ਨਾਲ ਹੀ ਆਪਣੀ ਕਿਸ਼ੋਰ ਅਵਸਥਾ ਵਿਚੋਂ ਬਾਹਰ ਆਇਆ ਹੈ। ਉਸ ਦੀਆਂ ਅੱਖਾਂ ਨੂੰ ਜੋ ਨਜ਼ਰ ਆਉਂਦਾ ਹੈ, ਉਹ ਸਭ ਕੁਝ ਨੂੰ ਨਕਾਰਦਾ ਜਾਪਦਾ ਹੈ। ਸਵੀਕ੍ਰਿਤੀ ਦੀ ਥਾਂ ਉਸ ਦੀ ਦ੍ਰਿਸ਼ਟੀ ਅਸਵੀਕ੍ਰਿਤੀ ਉੱਤੇ ਕੇਂਦ੍ਰਿਤ ਰਹਿੰਦੀ ਹੈ। ਅਗਲੇ ਸੰਗ੍ਰਹਿ 'ਉੱਡਦੇ ਬਾਜਾਂ ਮਗਰ' ਦੇ ਕਾਵਿ-ਪ੍ਰਵਚਨ ਵਿਚ ਅਸਚਰਜ ਕਰ ਦੇਣ ਵਾਲੀ ਗਹਿਰਾਈ ਆ ਜਾਂਦੀ ਹੈ। ਡਾ. ਤੇਜਵੰਤ ਸਿੰਘ ਗਿੱਲ ਅਨੁਸਾਰ ਇਸ ਦੇ ਦੋ ਕਾਰਨ ਸਨ, ਇਕ ਸੀ ਪਾਸ਼ ਦਾ ਵਧੇਰੇ ਵਿਸਤ੍ਰਿਤ ਹੋਇਆ ਅਨੁਭਵ ਅਤੇ ਭਾਵ-ਖੇਤਰ ਜਿਸ ਵਿਚੋਂ ਇਸ ਕਾਵਿ-ਪ੍ਰਵਚਨ ਦੇ ਵਕਤਾ ਨੂੰ ਚਿਹਨ, ਗ੍ਰਹਿਣ ਕਰਨ ਦੀ ਪ੍ਰੇਰਣਾ ਮਿਲਦੀ ਸੀ। ਦੂਜਾ ਸੀ, ਰੂਸੀ ਨੇਤਾ ਲਿਉਨ ਟਰਾਟਸਕੀ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਜਿਸ ਨੇ ਇਸ ਕਾਵਿ-ਪ੍ਰਵਚਨ ਨੂੰ ਅਚੰਭਿਤ ਕਰ ਦੇਣ ਵਾਲੀ ਤੀਖਣਤਾ ਪ੍ਰਦਾਨ ਕਰ ਦਿੱਤੀ (*ਪਾਸ਼ : ਜੀਵਨ ਤੇ ਰਚਨਾ,* ਪੰਨਾ 47)। ਇਸ ਸੰਗ੍ਰਹਿ ਦੀਆਂ ਕੁਝ ਕਵਿਤਾਵਾਂ ਟਰਾਟਸਕੀ ਦੇ ਸਦੀਵੀ ਕ੍ਰਾਂਤੀ ਦੇ ਸਿਧਾਂਤ ਨਾਲ ਓਤ-ਪੋਤ ਹੋ ਕੇ ਪਾਸ਼ ਦੀ ਵਿਦਰੋਹੀ ਜਗਿਆਸਾ ਨੂੰ ਨਿੱਸਲਤਾ ਅਤੇ ਇਸ ਦੇ ਪਰਿਣਾਮ ਵਜੋਂ ਉਤਪੰਨ ਹੋਣ ਵਾਲੀ ਕਾਰਜਹੀਣਤਾ ਤੇ ਬੇਗਾਨਗੀ ਨੂੰ ਦੂਰ ਕੀਤਾ ਜਾ ਸਕਦਾ ਹੈ। ਸੀਮਾ ਦੀ ਨਿਸ਼ਾਨਦੇਹੀ ਕਰਨ ਦੀ ਥਾਂ ਵਿਦਰੋਹੀ ਜਗਿਆਸਾ ਇਨ੍ਹਾਂ ਕਵਿਤਾਵਾਂ ਵਿਚ ਆਪਣੀ ਸੰਭਾਵਨਾ ਹੰਢਾਉਂਦੀ ਪ੍ਰਤੀਤ ਹੁੰਦੀ ਹੈ। 'ਸਾਡੇ ਸਮਿਆਂ ਵਿਚ' ਦੀਆਂ 28 ਕਵਿਤਾਵਾਂ ਅਜੋਕੇ ਸਮੇਂ ਦੀ ਸਮੁੱਚੀ ਵਾਸਤਵਿਕਤਾ ਦਾ ਕਾਵਿਕ ਦਸਤਾਵੇਜ਼ ਹਨ। ਇਨ੍ਹਾਂ ਦਾ ਕਾਵਿ-ਪ੍ਰਵਚਨ ਜੀਵਨ ਦੀਆਂ ਪ੍ਰਕਿਰਿਆਵਾਂ, ਸੰਸਥਾਵਾਂ, ਰੀਤੀ-ਰਿਵਾਜਾਂ, ਮਾਨਤਾਵਾਂ ਅਤੇ ਵੈਰ ਵਿਰੋਧਾਂ ਨੂੰ ਆਪਣੇ ਵਿਚ ਢਾਲਦਾ ਚਲਿਆ ਜਾਂਦਾ ਹੈ। ਧਰਮ, ਇਤਿਹਾਸ, ਰਾਜਨੀਤੀ, ਵਿਚਾਰਧਾਰਾ, ਆਰਥਿਕਤਾ, ਨਿਆਂ ਅਤੇ ਅਨਿਆਂ ਆਦਿ ਸੰਕਲਪ ਨਵਾਂ ਰੂਪ ਧਾਰਣ ਕਰਕੇ ਇਸ ਕਾਵਿ-ਪ੍ਰਵਚਨ ਦੇ ਪਾਠ ਵਜੋਂ ਪ੍ਰਸਤੁਤ ਹੋ ਜਾਂਦੇ ਹਨ। ਇਸ ਤਰ੍ਹਾਂ ਵਾਸਤਵਿਕਤਾ ਦੀ ਸਮੁੱਚਤਾ ਨੂੰ ਵਰਤੋਂ ਵਿਚ ਲਿਆਉਂਦੀ ਪਾਸ਼ ਦੀ ਰਚਨਾ-ਪ੍ਰਕਿਰਿਆ ਇਸ ਸੰਗ੍ਰਹਿ ਵਿਚ ਕਵੀ ਦੀ ਸ੍ਰੇਸ਼ਠ ਪ੍ਰਤਿਭਾ ਦਾ ਪ੍ਰਮਾਣ ਪੇਸ਼ ਕਰਦੀ ਹੈ।

1.3.5 ਪਾਸ਼ ਇਕ ਚੇਤੰਨ ਕਵੀ ਸੀ ਅਤੇ ਉਹ ਆਪਣੇ ਕਾਵਿ-ਕਰਮ ਨੂੰ ਪ੍ਰਭਾਵਸ਼ਾਲੀ ਬਨਾਉਣ ਲਈ ਨਿਰੰਤਰ ਚਿੰਤਨਸ਼ੀਲ ਰਹਿੰਦਾ ਸੀ। ਉਸ ਨੇ ਚਿੱਲੀ ਦੇ ਮਹਾਨ ਕਵੀ ਪਾਬਲੋ ਨੈਰੂਦਾ ਨੂੰ ਪੜ੍ਹ ਕੇ ਉਸ ਵਰਗਾ ਪ੍ਰਮਾਣੀਕ ਕਵੀ ਬਣਨਾ ਚਾਹਿਆ ਸੀ। ਇਸ ਪ੍ਰਸੰਗ ਵਿਚ ਪਾਸ਼ ਲਿਖਦਾ ਹੈ, ''ਮੈਂ ਨੈਰੂਦਾ ਦੀਆਂ ਦੋ ਕਿਤਾਬਾਂ ਪਿਛਲੇ ਦਿਨੀਂ ਪੜ੍ਹੀਆਂ ਹਨ। ਇਨ੍ਹਾਂ ਕਿਤਾਬਾਂ ਨੇ ਮੈਨੂੰ ਪਹਿਲੀ ਵਾਰ ਅਹਿਸਾਸ ਕਰਵਾਇਆ ਕਿ ਕਵਿਤਾ ਕੀ ਹੁੰਦੀ ਹੈ ਅਤੇ ਇਹ ਕਿੰਨੀ ਮਾਰ ਕਰ ਸਕਦੀ ਹੈ। ਇਨ੍ਹਾਂ ਕਵਿਤਾਵਾਂ ਨੇ ਮੇਰਾ ਜੀਣ ਵਿਚ ਵਿਸ਼ਵਾਸ ਹੋਰ ਪੱਕਾ ਕੀਤਾ ਹੈ। ਉਸ ਨੇ ਮੈਨੂੰ ਮੌਤ, ਹਨੇਰੇ , ਚੁੱਪ ਅਤੇ ਸੁੰਦਰਤਾ ਦੀਆਂ ਅੰਦਰਲੀਆਂ ਪਰਤਾਂ ਦੇ ਦੀਦਾਰ ਕਰਵਾਏ ਸਨ। ਉਹ ਇਕ ਅਜਿਹਾ ਕਵੀ ਹੈ ਜੋ ਮੈਨੂੰ ਆਨੰਦ ਵੀ ਦਿੰਦਾ ਹੈ, ਪ੍ਰੇਰਨਾ ਵੀ।'' (*ਚਿੱਠੀਆਂ,* ਪੰਨਾ 40) ਨੈਰੂਦਾ ਨੂੰ ਪੜ੍ਹਨ ਪਿੱਛੋਂ ਪਾਸ਼ ਨੂੰ ਵਿਚਾਰਧਾਰਕ ਪ੍ਰੇਰਣਾ ਦੇ ਨਾਲ-ਨਾਲ ਭਾਵੁਕ ਆਵੇਸ਼ ਵੀ ਅਨੁਭਵ ਹੋਇਆ ਸੀ। ਨੈਰੂਦਾ ਵਾਂਗ ਉਹ ਵੀ ਸਮਾਜਵਾਦੀ ਵਿਚਾਰਧਾਰਾ ਦਾ ਧਾਰਨੀ ਸੀ ਅਤੇ ਲੋਕ-ਪੱਖੀ ਸਮਾਜ ਦੇ ਨਿਰਮਾਣ ਦੀਆਂ ਕੋਸ਼ਿਸ਼ਾਂ ਕਰਦਾ ਹੋਇਆ ਉਹ ਵੀ ਸਰਕਾਰੀ ਦਮਨ ਦਾ ਸ਼ਿਕਾਰ ਹੋਇਆ ਸੀ।

1.3.6 'ਸਾਡੇ ਸਮਿਆਂ ਵਿਚ' ਕਾਵਿ-ਸੰਗ੍ਰਹਿ ਦੀ ਰਚਨਾ ਤੱਕ ਪਹੁੰਚ ਕੇ ਪਾਸ਼ ਦੇ ਕਾਵਿ-ਅਨੁਭਵ ਉੱਤੇ ਬਰਤੋਲਤ ਬਰੈਖਤ ਦਾ ਪ੍ਰਭਾਵ ਵੀ ਉਜਾਗਰ ਹੁੰਦਾ ਹੈ। ਬਰੈਖ਼ਤ ਦਾ ਮੱਤ ਸੀ ਕਿ ਇਤਿਹਾਸਕ ਵਿਵਸਥਾ, ਸਮਾਜਿਕ ਪਰਿਸਥਿਤੀ ਅਤੇ ਰਾਜਸੀ ਸਮਾਚਾਰ ਤੋਂ ਲਾਂਭੇ ਲਿਜਾ ਕੇ ਨਿਰੋਲ ਸੁਹਜਾਤਮਕ ਆਨੰਦ ਪ੍ਰਾਪਤ ਕਰਨਾ ਸਾਹਿੱਤ ਦਾ ਪ੍ਰਮਾਣੀਕ ਕਰਤੱਵ

ਨਹੀਂ ਹੋ ਸਕਦਾ। ਇਨ੍ਹਾਂ ਸਾਰਿਆਂ ਪ੍ਰਤੀ ਚੇਤੰਨਤਾ ਨੂੰ ਪ੍ਰਚੰਡ ਕਰਨਾ, ਸੁਹਜਾਤਮਕ ਆਨੰਦ ਦੇ ਨਾਲ-ਨਾਲ ਬੌਧਿਕ ਪ੍ਰੇਰਣਾ ਦੇਣਾ ਅਤੇ ਚੇਤਨਾ ਨੂੰ ਚੇਤੰਨਤਾ ਵਿਚ ਤਬਦੀਲ ਕਰਨਾ ਹੀ ਵਾਸਤਵ ਵਿਚ ਸਾਹਿੱਤ ਦਾ ਕਰਤੱਵ ਹੈ। ਇਸ ਸਬੰਧ ਵਿਚ ਬਰੈਖਤ ਦਾ ਅਲਗਾਵ ਸਿੱਧਾਂਤ (Theory of Alienation) ਵਿਸ਼ੇਸ਼ ਰੂਪ ਵਿਚ ਮਹੱਤਵਪੂਰਨ ਹੈ ਜੋ ਅਰਸਤੂ ਦੇ ਵਿਰੇਚਣ ਸਿਧਾਂਤ (Theory of Catharsis) ਤੋਂ ਲੈ ਕੇ ਕਰੋਸ਼ੇ (Croce) ਦੇ ਸੁਹਜ-ਸਿਧਾਂਤ ਨੂੰ ਚੁਣੌਤੀ ਪੇਸ਼ ਕਰਦਾ ਹੈ। ਇਸ ਅਲਗਾਵ-ਸਿਧਾਂਤ ਅਨੁਸਾਰ ਸਾਹਿੱਤ ਦਾ ਕਰਤੱਵ ਝੰਜੋੜ ਕੇ ਜਗਾਉਣਾ ਹੈ, ਸੁਲਾਉਣਾ ਨਹੀਂ। ਇਸ ਦੇ ਫ਼ਲਸਰੂਪ ਪਾਠਕ ਧਾਰਮਿਕ ਅਕੀਦਿਆਂ, ਸਮਾਜਿਕ ਮਾਨਤਾਵਾਂ, ਰਾਜਸੀ ਆਦੇਸ਼ਾਂ, ਰਹੁ-ਰੀਤਾਂ, ਰਿਵਾਜਾਂ ਅਤੇ ਸਥਾਪਨਾਵਾਂ ਤੋਂ ਮੁਨਕਿਰ ਹੋਣ ਲੱਗ ਪੈਂਦਾ ਹੈ। ਉਸ ਦੀ ਚੇਤੰਨਤਾ ਦਾ ਰੁੱਖ ਵਿਕਸਿਤ ਅਤੇ ਜਟਿਲ ਦਿਸ-ਹੱਦਿਆਂ ਵੱਲ ਹੋ ਜਾਂਦਾ ਹੈ। 'ਛੰਨੀ,' 'ਚਿੜੀਆਂ ਦਾ ਚੰਬਾ', 'ਆਸ਼ਕ ਦੀ ਅਹਿੰਸਾ,' 'ਕਲਾਮ ਮਿਰਜਾ' ਅਤੇ 'ਜੋਗਾ ਸਿੰਘ ਦੀ ਸ੍ਵੈ-ਪੜਚੋਲ' ਵਿਚ ਲੋਕਯਾਨਿਕ ਅਤੇ ਇਤਿਹਾਸਕ ਘਟਨਾਵਾਂ ਨੂੰ ਬਰੈਖ਼ਤ ਵਾਂਗ ਇਕ ਪਰਤਵੀਂ ਵਿਧਾ, ਵਿਧੀ ਅਤੇ ਸ਼ੈਲੀ ਰਾਹੀਂ ਚਿਹਨਤ ਕਰਨ ਦਾ ਯਤਨ ਕੀਤਾ ਗਿਆ ਹੈ। ਕਾਵਿ-ਸਿਰਜਣ ਦੀ ਇਸ ਵੱਖਰੀ ਵਿਧੀ ਕਰਕੇ ਆਧੁਨਿਕ ਪੰਜਾਬੀ ਕਾਵਿ ਦੀ ਸਮਰੱਥਾ ਅਤੇ ਸੰਚਾਰ-ਸ਼ਕਤੀ ਵਿਚ ਢੇਰ ਵਾਧਾ ਹੋਇਆ ਹੈ।

**1.3.7** ਡਾ. ਤੇਜਵੰਤ ਸਿੰਘ ਗਿੱਲ ਨੇ ਪਾਸ਼ ਦੇ ਕਾਵਿ-ਲੋਕ ਦਾ ਅਧਿਐਨ ਕਰਨ ਸਮੇਂ ਉਸ ਦੀ ਕਵਿਤਾ ਨੂੰ 'ਸਤਹ ਤੋਂ ਉਠਦੀ ਕਵਿਤਾ' ਦਾ ਨਾਮ ਦਿੱਤਾ ਹੈ (ਦੇਖੋ, *ਪਾਸ਼ : ਜੀਵਨ ਤੇ ਰਚਨਾ,* ਪੰਨੇ 74-80)। ਉਸ ਅਨੁਸਾਰ ਪ੍ਰੋ. ਪੂਰਨ ਸਿੰਘ ਅਤੇ ਪ੍ਰੋ. ਮੋਹਨ ਸਿੰਘ ਵਰਗੇ ਪ੍ਰਤਿਭਾਸ਼ੀਲ ਕਵੀਆਂ ਤੋਂ ਪਿਛੋਂ ਪਾਸ਼ ਦੀ ਰਚਨਾ ਵਿਚ ਇਹ ਅਮਲ ਇਕਾਗਰ ਢੰਗ ਨਾਲ ਨੇਪਰੇ ਚੜ੍ਹਨਾ ਲੋੜਦਾ ਹੈ। ਪਾਸ਼ ਦੇ ਆਪਣੇ ਸ਼ਬਦਾਂ ਵਿਚ ਇਹ ਅਮਲ ''ਅਮਾਨਵੀ ਘਟਨਾਵਾਂ ਰਾਹੀਂ ਨਹੀਂ ਸਗੋਂ ਮਾਨਵੀ ਪ੍ਰਤੀਕਾਂ ਰਾਹੀਂ ਨੇਪਰੇ ਚੜ੍ਹਦਾ ਹੈ'' (*ਚਿੱਠੀਆਂ,* ਪੰਨਾ 118)। ਨਤੀਜੇ ਵਜੋਂ ਹਕੀਕਤ-ਤਲਿੱਸਮ, ਸੁਪਨੇ, ਕਲਪਣਾ ਅਤੇ ਸਿਮ੍ਰਤੀ ਦੇ ਢਹੇ ਨਹੀਂ ਚੜ੍ਹਦੀ, ਸਗੋਂ ਆਪਣੇ ਚਿਤ੍ਰਣ ਅਤੇ ਚਿਹਨਕੀਕਰਣ ਵਿਚ ਉਨ੍ਹਾਂ ਨੂੰ ਆਪਣੇ ਹੱਕ ਵਿਚ ਭੁਗਤਾ ਲੈਂਦੀ ਹੈ। ਇਸ ਤਰ੍ਹਾਂ ਉਸ ਦੀਆਂ ਕਵਿਤਾਵਾਂ ਵਿਚ ਮਨੁੱਖ ਦੇ ਅਮਨੁੱਖੀਕਰਣ ਦੇ ਵਿਰੁੱਧ ਬਹੁਪਰਤੀ ਯੁੱਧ ਵਿੱਢਿਆ ਜਾਂਦਾ ਹੈ। 'ਲੋਹ ਕਥਾ' ਦਾ ਆਰੰਭ ਹੀ 'ਸਤਹ ਤੋਂ ਉੱਠਦੇ ਜੀਵਨ' ਨਾਲ ਹੁੰਦਾ ਹੈ। ਭਾਰਤ ਵਿਚ ਇਸ ਦਾ ਸਰੋਕਾਰ ਪੇਂਡੂ ਲੋਕਾਈ ਨਾਲ ਹੈ ਜੋ ਜੀਣ ਦੇ ਸਮਰੱਥ ਹੋਣ ਦੀ ਥਾਂ ਥੀਣ ਲਈ ਆਤੁਰ ਹੈ। ਦੇਖੋ :

ਇਸ ਸ਼ਬਦ ਦੇ ਭਾਵ
ਖੇਤਾਂ ਦੇ ਉਨ੍ਹਾਂ ਪੁੱਤਰਾਂ ਤੋਂ ਹਨ
ਜਿਹੜੇ ਅੱਜ ਵੀ ਰੁੱਖਾਂ ਦੇ ਪਰਛਾਵਿਆਂ ਨਾਲ
ਵਕਤ ਮਿਣਦੇ ਹਨ
ਉਨ੍ਹਾਂ ਕੋਲ ਢਿੱਡ ਤੋਂ ਬਿਨ੍ਹਾਂ ਕੋਈ ਸਮੱਸਿਆ ਨਹੀਂ
ਤੇ ਉਹ ਭੁੱਖ ਲੱਗਣ ਤੇ
ਆਪਣੇ ਅੰਗ ਵੀ ਚਬਾ ਸਕਦੇ ਹਨ।
ਉਨ੍ਹਾਂ ਲਈ ਜ਼ਿੰਦਗੀ ਇਕ ਪਰੰਪਰਾ ਹੈ
ਤੇ ਮੌਤ ਦੇ ਅਰਥ ਹਨ ਮੁਕਤੀ।

(*ਲੋਹ ਕਥਾ,* ਪੰਨਾ 5)

**1.3.8** ਪਾਸ਼, ਪਰੰਪਰਾ ਅਤੇ ਲੋਕਪ੍ਰਿਅ ਗੀਤਕਾਰੀ ਦੇ ਗੰਭੀਰ ਕਵਿਤਾ ਨਾਲ ਸਹਿਚਾਰੀ ਸਬੰਧਾਂ ਨੂੰ ਅਪ੍ਰਵਾਨ ਕਰਦਾ ਸੀ। ਸ਼ਹਿਰੀ ਜੀਵਨ ਵਿਚ ਖਪਤ-ਸਭਿਆਚਾਰ ਦੀ ਲਖਾਇਕ ਕਾਮ-ਉਕਸਾਊ ਪੇਤਲੀ ਗੀਤਕਾਰੀ ਪਾਸ਼ ਦੀ ਨਜ਼ਰ ਵਿਚ ਨਿਰੋਲ ਖੰਡਣ ਦੀ ਅਧਿਕਾਰੀ ਸੀ। ਉਸ ਨੂੰ ਪਤਾ ਸੀ ਕਿ ਇਨ੍ਹਾਂ ਦੇ ਤੀਖਣ ਪ੍ਰਭਾਵ ਦਾ ਸਬੱਬ ਇਨ੍ਹਾਂ ਦੀ ਪੇਸ਼ਕਾਰੀ ਨਹੀਂ ਬਲਕਿ ਮਾਧਿਅਮ ਦੀ ਅਸੀਮ ਸਮਰੱਥਾ ਹੈ। ਇਕ ਤਾਂ ਇਹ ਕਿਸੇ ਨੂੰ ਪੜ੍ਹਨੇ ਨਹੀਂ ਪੈਂਦੇ ਅਤੇ ਸੁਣਨ ਵਿਚ ਕੋਈ ਮਿਹਨਤ ਨਹੀਂ ਲਗਦੀ। ਦੂਜਾ ਇਹ ਪਛੜੀ ਇਨਸਾਨੀ ਪ੍ਰਵਿਰਤੀ ਦੇ ਇਰਦ-ਗਿਰਦ ਘੁੰਮਦੇ ਹਨ। ਇਸ ਪ੍ਰਸੰਗ ਵਿਚ ਲੋਕਪ੍ਰਿਅ ਗੀਤਾਂ ਦਾ ਵਿਸ਼ਲੇਸ਼ਣ ਕਰਦਾ ਹੋਇਆ ਉਹ ਲਿਖਦਾ ਹੈ, ''ਅੱਜ ਤੋਂ ਪੰਜਾਹ ਸਾਲ ਬਾਅਦ ਪਤਾ ਲੱਗੇਗਾ ਕਿ ਅੱਜ ਦੇ ਲੋਕ ਕੀ ਪਸੰਦ ਕਰਦੇ ਸਨ, ਕੀ ਨਹੀਂ। ਉਹੀ ਲੋਕ ਜਿਹੜੇ ਇਨ੍ਹਾਂ ਦੇ ਰਿਕਾਰਡਾਂ ਦੀ ਅੰਨ੍ਹੇਵਾਹ ਵਿੱਕਰੀ ਵਧਾ ਕੇ ਇਨ੍ਹਾਂ ਨੂੰ ਉਤਾਂਹ ਚਾੜ੍ਹ ਰਹੇ ਹਨ, ਉਹੀ ਇਕ ਦਿਨ ਇਹਨਾਂ ਨੂੰ ਪੱਥਰਾਂ ਤੇ ਪਟਕਾ ਕੇ ਮਾਰਨਗੇ ਤੇ ਇਨ੍ਹਾਂ ਨੂੰ ਕੋਈ ਵੀ ਬਚਾ ਨਹੀਂ ਸਕੇ ਗਾ'' (*ਚਿੱਠੀਆਂ,* ਪੰਨਾ 38)। ਲੋਕ-ਜੀਵਨ ਅਤੇ ਲੋਕ-ਬੋਧ ਵਿਚ ਇਸ ਤੋਂ ਉਤਾਂਹ ਦਾ ਸਥਾਨ ਧਰਮ ਨੂੰ ਪ੍ਰਾਪਤ ਹੈ। ਪਾਸ਼ ਧਰਮ-ਨਿਰਪੇਖਤਾ ਦਾ ਹਾਮੀ ਸੀ। ਉਸ ਨੂੰ ਫ਼ਿਰਕਾਪ੍ਰਸਤੀ ਨਾਲ ਨਫ਼ਰਤ ਸੀ। ਉਹ ਕਿਹਾ ਕਰਦਾ ਸੀ ਕਿ ਮੇਰੇ ਅੰਦਰ ਹਰ

ਤਰ੍ਹਾਂ ਦੀ ਫ਼ਿਰਕਾਪ੍ਰਸਤੀ ਲਈ ਅੰਤਾਂ ਦੀ ਨਫ਼ਰਤ ਹੈ, ਕੇਵਲ ਸਿੱਖਾਂ ਦੀ ਨਹੀਂ, ਸਗੋਂ ਹਿੰਦੂਆਂ ਦੀ ਫ਼ਿਰਕਾਪ੍ਰਸਤੀ ਲਈ ਵੀ। ਉਹ ਧਰਮ, ਜਾਤੀ ਅਤੇ ਸੰਪਰਦਾਇਕ ਹਿੱਤਾਂ ਤੋਂ ਉੱਪਰ ਉਠਕੇ ਮਨੁੱਖ ਮਾਤਰ ਦੇ ਕਲਿਆਣ ਦੀ ਕਾਮਨਾ ਕਰਦਾ ਸੀ।

**1.4.1 ਨਵੇਂ ਕਾਵਿ-ਸ਼ਾਸਤਰ ਦੀ ਸਿਰਜਣਾ**

ਪਾਸ਼ ਦੀ ਕਵਿਤਾ ਇਕ ਨਵੇਂ ਸੁਹਜ-ਸ਼ਾਸਤਰ ਦੀ ਰਚਨਾ ਵੱਲ ਪੇਸ਼ਕਦਮੀ ਹੈ। ਉਸ ਦੀ ਕਵਿਤਾ ਪ੍ਰਾਪਤੀ ਜਾਂ ਪੂਰਨਤਾ ਹਾਸਲ ਕਰਨ ਤੋਂ ਪਿੱਛੋਂ ਦੀ ਸੰਤੁਸ਼ਟ ਮਾਨਸਿਕ ਸਥਿਤੀ ਵਿਚੋਂ ਉਪਜੇ ਸੁਹਜਾਤਮਕ ਵਲਵਲਿਆਂ ਜਾਂ ਕਿਸੇ ਪਰਾਭੌਤਿੱਕ ਅਗੰਮੀ ਅਨੁਭਵ ਦੇ ਆਵੇਸ਼ ਦੀ ਅੱਕਾਸੀ ਨਹੀਂ ਕਰਦੀ, ਬਲਕਿ ਮੌਜੂਦਾ ਢਾਂਚੇ ਦੇ ਜ਼ਬਰ ਹੇਠ ਦਰੜੇ ਜਾ ਰਹੇ ਬੰਦੇ ਦੀ ਚੀਖ ਨੂੰ ਵਿਅਕਤ ਕਰਨ ਦੀ ਸੁਹਿਰਦ ਕੋਸ਼ਿਸ਼ ਹੈ। ਉਹ ਕਿਸੇ ਆਵੇਸ਼ ਦੀ ਅਵਸਥਾ ਵਿਚ ਪਹੁੰਚ ਕੇ ਕਵਿਤਾ ਨਹੀਂ ਕਹਿੰਦਾ ਸਗੋਂ ਜ਼ਬਰ ਅਤੇ ਲੁੱਟ ਪ੍ਰਤੀ ਆਪਣੇ ਵਿਦਰੋਹੀ-ਗੁੱਸੇ ਅਤੇ ਖਾੜਕੂ ਰੋਹ ਦਾ ਅੱਡ-ਅੱਡ ਰੂਪਾਂ ਵਿਚ ਪ੍ਰਗਟਾ ਕਰਦਾ ਹੈ। ਸੋ ਜਿਸ ਨਵੇਂ ਸੁਹਜ-ਸ਼ਾਸਤਰ ਦੀ ਰਚਨਾ ਉਸ ਦੀ ਕਵਿਤਾ ਵਿਚ ਆਪ-ਮੁਹਾਰੇ ਹੋ ਰਹੀ ਹੈ। ਉਸ ਦਾ ਮਹੱਤਵਪੂਰਨ ਲੱਛਣ ਅਸਤੁੰਸ਼ਟ ਮਨ ਵਿਚ ਉਪਜਿਆ ਰੋਹ ਹੈ। ਇਹ ਰੋਹ ਹੀ ਉਸ ਦੀ ਕਵਿਤਾ ਵਿਚ ਵੱਖ-ਵੱਖ ਰੂਪ ਧਾਰਦਾ ਹੈ।

**1.4.2** ਉਹ ਪਹਿਲਾਂ ਤੋਂ ਹੀ ਕਿਸੇ ਘੜੇ-ਘੜਾਏ ਸੁਹਜ-ਸ਼ਾਸਤਰ ਦੀਆਂ ਮਾਨਤਾਵਾਂ ਨੂੰ ਸਾਹਮਣੇ ਰਖ ਕੇ ਕਵਿਤਾ ਦੀ ਰਚਨਾ ਨਹੀਂ ਕਰਦਾ। ਸੁਹਜਵਾਦੀ ਧਾਰਨਾਵਾਂ ਅਤੇ ਕਵਿਤਾ ਨੂੰ ਮਨ-ਪਰਚਾਵੇ ਦਾ ਸਾਧਨ ਸਮਝ ਕੇ ਸੁਹਜ ਉਪਜਾਉਣ ਵਾਲੇ ਸੁਹਜ-ਸ਼ਾਸਤਰ ਪ੍ਰਤੀ ਉਸ ਦੇ ਮਨ ਵਿਚ ਸਗੋਂ ਅਥਾਹ ਨਫ਼ਰਤ ਹੈ। ਅਜਿਹੇ ਸੁਹਜ-ਸ਼ਾਸਤਰ ਪ੍ਰਤੀ ਆਪਣੇ ਆਕ੍ਰੋਸ਼ ਦਾ ਪ੍ਰਗਟਾਵਾ ਕਰਦਾ ਹੋਇਆ ਉਹ ਲਿਖਦਾ ਹੈ :

ਅਸੀਂ ਬੱਕਰੇ ਬੁਲਾਉਂਦੇ ਉਨ੍ਹਾਂ ਨੂੰ ਚੰਗੇ ਨਹੀਂ ਲੱਗਦੇ
ਚਲੋ ਇੰਜ ਹੀ ਸਹੀ
ਉਹ ਤਾਂ ਬੱਸ ਸ਼ੁਗਲ ਫ਼ਰਮਾਉਂਦੇ ਰਹੇ
ਵੈਣ ਸੁਣਦੇ ਆਏ
ਦਾਦ ਦਿੰਦੇ ਰਹੇ ....
ਉਨ੍ਹਾਂ ਨੂੰ ਭਲੇ ਲੱਗਣ ਲਈ
ਅਸੀਂ ਹੁਣ ਵੈਣ ਨਹੀਂ ਪਾਉਣੇ।

(*ਇੰਜ ਹੀ ਸਹੀ*)

**1.4.3** ਪਾਸ਼ ਦਾ ਵਿਚਾਰ ਹੈ ਕਿ ਕਵਿਤਾ ਕਦੇ ਵੀ ਅਮਲ ਤੋਂ ਟੁੱਟੀ ਹੋਈ ਜਾਂ ਵੱਖਰੀ ਨਹੀਂ ਹੁੰਦੀ। ਇਹ ਉਸ ਦੇ ਅਮਲ ਵਿਚੋਂ ਪੈਦਾ ਹੁੰਦੀ ਹੈ ਅਤੇ ਉਸ ਦੇ ਅਮਲ ਨੂੰ ਕਵਿਤਾ ਵਿਚੋਂ ਬਲ ਮਿਲਦਾ ਹੈ। ਦੋਹਾਂ ਵਿਚਲਾ ਰਿਸ਼ਤਾ ਦਵੰਦਾਤਮਕ ਹੈ। ਪ੍ਰੋ. ਪ੍ਰੇਮ ਪਾਲੀ ਅਨੁਸਾਰ, ''ਅਮਲੀ ਜ਼ਿੰਦਗੀ ਵਿਚ ਖੁੱਭਿਆ ਕਵੀ ਹੀ ਦੋਸਤ ਅਤੇ ਦੁਸ਼ਮਣ ਦੀ ਪਛਾਣ ਰਖਦਾ ਹੈ, 'ਅਸੀਂ' ਅਤੇ 'ਤੁਸੀਂ' ਵਿਚ ਫ਼ਰਕ ਕਰਦਾ ਹੈ। ਅਮਲ ਤੋਂ ਟੁੱਟਿਆ ਕਵੀ ਕਿਸੇ ਨੂੰ ਨਾਰਾਜ਼ ਕਰਨਾ ਸਹਿਣ ਨਹੀਂ ਕਰ ਸਕਦਾ। ਉਹ ਨਿਰਪੱਖ ਹੋਣ ਦਾ ਪਾਖੰਡ ਕਰਦਾ ਹੈ ਅਤੇ ਵਿਆਪਕ ਕਦਰਾਂ-ਕੀਮਤਾਂ ਦਾ ਧਾਰਨੀ ਹੋਣ ਦਾ ਪਰਪੰਚ ਕਰਦਾ ਹੈ। ਅਮਲ ਤੋਂ ਟੁੱਟੇ ਕਵੀ ਦਾ ਮਨ ਬੀਮਾਰ ਹੁੰਦਾ ਹੈ ਅਤੇ ਉਹ ਆਪਣੀ ਹੀ ਬੀਮਾਰੀ 'ਚੋਂ ਸੁਆਦ ਲੈਂਦਾ ਹੈ। ਆਪਣੇ ਕਲਪਿਤ ਦੁੱਖਾਂ ਦੀ ਗਾਥਾ ਸੁਣ ਕੇ ਉਹ ਦੂਜਿਆਂ ਦੀ ਹਮਦਰਦੀ ਜਿਤਣ ਦੀ ਕੋਸ਼ਿਸ਼ ਕਰਦਾ ਹੈ ਅਤੇ ਇਸ ਤਰ੍ਹਾਂ ਉਹ ਅਜਿਹਾ ਨਾਇਕ ਹੋ ਨਿਬੱੜਦਾ ਹੈ, ਜਿਸ ਨੂੰ ਮਨੋਵਿਗਿਆਨੀ ਪੀੜਿਤ ਨਾਇਕ (suffering hero) ਕਹਿੰਦੇ ਹਨ, (*ਮੈਂ, ਅਸੀਂ ਅਤੇ ਤੁਸੀਂ,* ਪੰਨਾ 31-32) ਪੀੜਿਤ ਨਾਇਕ ਦੂਜਿਆਂ ਦੇ ਤਰਸ ਦਾ ਪਾਤਰ ਬਣ ਕੇ ਉਨ੍ਹਾਂ ਪਾਸੋਂ ਰਹਿਮ ਦੀ ਆਸ ਤੇ ਜਿਉਂਦਾ ਹੈ, ਪਰ ਪਾਸ਼ ਮੁੱਢ ਤੋਂ ਹੀ ਅਜਿਹੇ ਰਹਿਮ ਅਤੇ ਤਰਸ ਨੂੰ ਆਪਣੀ ਹੇਠੀ ਸਮਝਦਾ ਹੈ, ਦੇਖੋ:

ਤੁਹਾਡੇ ਚਿੱਤ 'ਚ ਹੋਵੇਗਾ
ਹੁਣ ਮੈਂ ਗਿੜਗਿੜਾਵਾਂਗਾ
ਅਸੀਂ ਮੰਗਤੇ ਨਹੀਂ
ਸਾਨੂੰ ਤਾਂ ਐਵੇਂ ਮਰ ਜਾਣ ਦਾ ਠਰਕ ਹੁੰਦਾ ਹੈ।

(*ਲੋਹ ਕਥਾ,* ਪੰਨਾ 58)

### 1.5.1 ਬਿੰਬ-ਸਿਰਜਣਾ ਅਤੇ ਚਿੰਨ੍ਹ-ਪ੍ਰਬੰਧ

ਪਾਸ਼ ਆਪਣੀਆਂ ਕਵਿਤਾਵਾਂ ਵਿਚ ਜੱਦੋ-ਜਹਿਦ ਦੇ ਇਕ ਵਿਆਪਕ ਬਿੰਬ ਦੀ ਸਿਰਜਣਾ ਕਰਦਾ ਹੈ। ਉਸ ਦੇ ਕਾਵਿ-ਲੋਕ ਵਿਚ ਛੋਟੇ ਚਿੰਨ੍ਹ ਅਤੇ ਬਿੰਬ ਆਪਣੇ ਤੋਂ ਵੱਡੇ ਚਿੰਨ੍ਹਾਂ ਅਤੇ ਬਿੰਬਾਂ ਦਾ ਅੰਗ ਬਣ ਕੇ ਉਨ੍ਹਾਂ ਵਿਚ ਸਮਾਏ ਹੋਏ ਹਨ ਅਤੇ ਵੱਡੇ ਬਿੰਬ, ਹੋਰ ਵੱਡੇ ਬਿੰਬਾਂ ਦੇ ਅੰਗ ਬਣਕੇ ਇਕ ਵਿਸ਼ਾਲ ਅਤੇ ਵਿਆਪਕ ਬਿੰਬ ਦੀ ਸਿਰਜਣਾ ਕਰਦੇ ਹਨ। ਇਹ ਵਿਆਪਕ ਅਤੇ ਵਿਸ਼ਾਲ ਬਿੰਬ ਹੀ ਯੁੱਧ ਦੀ ਸਮੁੱਚਤਾ ਦਾ ਬਿੰਬ ਹੈ, ਜੋ ਸਮੁੱਚੀ ਜ਼ਿੰਦਗੀ ਦੇ ਬਿੰਬ ਦੇ ਸਮਾਨ ਹੈ। ਇਸ ਤਰ੍ਹਾਂ ਇਕ ਅਜਿਹਾ ਭਾਵ ਪ੍ਰਬੰਧ ਹੋਂਦ ਵਿਚ ਆਉਂਦਾ ਹੈ, ਜਿਸ ਵਿਚ ਛੋਟੀਆਂ ਇਕਾਈਆਂ, ਵੱਡੀਆਂ ਇਕਾਈਆਂ ਦਾ ਅੰਗ ਹਨ ਅਤੇ ਇਕ-ਦੂਸਰੀ ਨਾਲ ਅੰਤਰ-ਸਬੰਧਿਤ ਹਨ। ਬਿੰਬ ਸਿਰਜਣਾ ਉਸ ਲਈ ਇਕ ਅਜਿਹੀ ਪ੍ਰਕਿਰਿਆ ਹੈ, ਜੋ ਗਤੀਸ਼ੀਲ ਰੂਪ ਵਿਚ ਇਕ ਬਿੰਬ ਦੀ ਉਸਾਰੀ ਲਗਾਤਾਰ ਕਰਦੀ ਰਹਿੰਦੀ ਹੈ। ਉਸ ਦੁਆਰਾ ਸਿਰਜਿਆ ਗਿਆ ਜੱਦੋ-ਜਹਿਦ ਦਾ ਬਿੰਬ ਬੰਦ ਨਹੀਂ, ਸਗੋਂ ਖੁੱਲ੍ਹਾ ਹੈ। ਹਰ ਕਵਿਤਾ ਨਾਲ ਪਾਸ਼ ਇਸ ਬਿੰਬ ਨੂੰ ਫੈਲਾਉਂਦਾ ਚਲਿਆ ਜਾਂਦਾ ਹੈ। ਇਸ ਪ੍ਰਕ੍ਰਿਆ ਦਾ ਕਿਤੇ ਅੰਤ ਨਹੀਂ ਹੁੰਦਾ ਅਤੇ ਉਹ ਅਜਿਹੀ ਸਿਰਜਨਾ ਨੂੰ ਜਨਮ ਦਿੰਦਾ ਹੈ, ਜਿਸ ਦੇ ਦੋਵੇਂ ਸਿਰੇ ਖੁੱਲ੍ਹੇ ਹਨ। ਇਹ ਅਕੱਥ ਨੂੰ ਕਹਿਣ ਵਾਂਗ ਹੈ, ਜਿਸ ਵਿਚ ਮਨੁੱਖ ਲਗਾਤਾਰ ਕਹਿਣ ਦੀ ਕੋਸ਼ਿਸ਼ ਕਰਦਾ ਹੈ, ਪਰ ਫ਼ਿਰ ਵੀ ਕੁਝ-ਨਾ-ਕੁਝ ਅਣਕਿਹਾ ਬਾਕੀ ਰਹਿ ਜਾਂਦਾ ਹੈ।

1.5.2 ਪਾਸ਼ ਦੇ ਕਾਵਿ ਵਿਚ ਵਰਤੇ ਗਏ ਚਿੰਨ੍ਹ ਅਤੇ ਪ੍ਰਤੀਕ ਪੰਜਾਬੀ ਸਭਿਆਚਾਰ ਵਿਚੋਂ ਲਏ ਗਏ ਹਨ। ਸਭਿਆਚਾਰ ਵਿਚੋਂ ਚਿੰਨ੍ਹ ਲੈਣ ਦੀ ਪਰੰਪਰਾ ਸ਼ੇਖ ਫ਼ਰੀਦ ਦੇ ਸਮੇਂ ਤੋਂ ਹੀ ਪੰਜਾਬੀ ਕਾਵਿ ਦਾ ਇਕ ਅਭਿੰਨ ਅੰਗ ਬਣੀ ਹੋਈ ਹੈ। ਪਾਸ਼ ਨੇ ਵੀ ਇਸੇ ਪਰੰਪਰਾ ਦਾ ਅਨੁਸਰਣ ਕੀਤਾ ਹੈ। ਅਜਿਹਾ ਚਿੰਨ੍ਹ- ਵਿਧਾਨ ਪਾਸ਼ ਦੇ ਕਾਵਿ ਨੂੰ ਇਕ ਰਾਜਨੀਤਿੱਕ ਪ੍ਰਵਚਨ ਦੇ ਨਾਲ-ਨਾਲ ਸਭਿਆਚਾਰਕ ਦਸਤਾਵੇਜ਼ ਵੀ ਬਣਾ ਦਿੰਦਾ ਹੈ। ਇਸ ਪ੍ਰਸੰਗ ਵਿਚ ਪਾਸ਼ ਦੇ ਕਾਵਿ ਵਿਚੋਂ ਕੁਝ ਅੰਸ਼ ਵੇਖੋ :

ਫ਼ਿਰ ਵੀ-ਉਹ ਪੱਕ ਜਾਣੇ
ਕਿ ਨਾਜ਼ੁਕ ਵੇਲਾ ਨਹੀਂ, ਇਨਸਾਨ ਹੁੰਦਾ ਹੈ
ਮੈਂ ਜਿੱਥੇ ਸਹਿ ਲਈ ਹੈ ਆਕੜ ਗਈਂ ਭੰਗੜੇ ਦੀ ਲਾਸ਼
ਪਿੰਡ 'ਚ ਮਨਫ਼ੀ ਹੋ ਹੋ ਕੇ ਬਚੀ ਖਾਨਾਬਦੋਸ਼ੀ
ਅਤੇ ਝੱਲ ਸਕਿਆ ਹਾਂ ਬਿੰਦੂ 'ਚ ਸਿਮਟ ਸਿਮਟ ਗਈ
ਵਿਰਾਟਤਾ ਦੀ ਜੁੰਬਿਸ਼
ਚਲੋ ਮੈਂ ਰਾਂਝਾ ਨਾ ਹੋ ਸਕਣ ਦਾ ਗੁਨਾਹਗਾਰ ਸਹੀ
ਏਨਾ ਨਹੀਂ ਗਿਆ ਗੁਜ਼ਰਿਆ ਕਿ ਲਿਖ ਨਾ ਸਕਾਂ
ਤੇਰੇ ਸ਼ਗਨਾਂ ਉਤੇ ਬੋਲਣ ਲਈ ਪਰਿਵਾਰ ਵੱਲੋਂ 'ਸਿੱਖਿਆ'
ਜਿੱਥੇ ਜਣਦਿਆਂ ਨੂੰ ਪੈਂਦੇ ਹਨ ਬਿਰਹੋਂ ਦੇ ਗੋਤੇ
ਜਾਂ ਸਵਰਗਾਂ ਬੈਠਾ ਬਾਬਾ ਫੁੱਲ ਵਰਸਾਉਂਦਾ ਹੈ
ਜਾਂ ਇੱਕੀ ਬਿਸਤਰੇ, ਕੋਤਰ ਸੌ ਭਾਂਡਾ
ਟੂੰਮਾਂ ਵਿਚ ਬਦਲਿਆ ਰੋਹੀ ਦਾ ਅਸੀਲ ਵਿੱਘਾ
ਐਵੇਂ ਕੁਝ ਵੀ ਨਾ ਦੇ ਸਕਣ - ਦੇ ਮੁਹਾਵਰੇ ਵਿਚ ਬਦਲ ਜਾਂਦਾ ਹੈ।

(*ਬੇਵਫ਼ਾ ਦੀ ਦਸਤਾਵੇਜ਼* )

1.5.2 ਬਿੰਬਾਂ ਅਤੇ ਚਿੰਨ੍ਹਾਂ ਦੇ ਕੁਸ਼ਲ ਪ੍ਰਯੋਗ ਦੇ ਨਾਲ-ਨਾਲ ਪਾਸ਼ ਨੇ ਭਾਰਤੀ ਕਾਵਿ-ਸ਼ਾਸਤਰ ਦੇ ਮਹੱਤਵਪੂਰਨ ਤੱਤ ਅਲੰਕਾਰਾਂ ਦਾ ਵੀ ਬੜਾ ਸੁਚੱਜਾ ਪ੍ਰਯੋਗ ਕੀਤਾ ਹੈ। ਉਸ ਨੇ ਉਪਮਾ, ਰੂਪਕ, ਦ੍ਰਿਸ਼ਟਾਂਤ, ਲੋਕੋਕਿਤੀ, ਪੁਨਰੋਕਤੀ, ਵਕ੍ਰੋਕਤੀ ਅਤੇ ਮਾਨਵੀਕਰਨ ਵਰਗੇ ਅਲੰਕਾਰਾਂ ਦੇ ਮਾਧਿਅਮ ਦੁਆਰਾ ਆਪਣੇ ਕਾਵਿ-ਕਥਨ ਨੂੰ ਚਮਤੱਕਾਰਮਈ ਅਤੇ ਪ੍ਰਭਾਵਸ਼ਾਲੀ ਬਣਾਇਆ ਹੈ। ਇਹ ਅਲੰਕਾਰ ਕਾਵਿ-ਵਸਤੂ ਨੂੰ ਅਜਨਬੀਕ੍ਰਿਤ ਬਣਾਉਂਦੇ ਹਨ, ਜਿਨ੍ਹਾਂ ਸਦਕਾ ਪਾਠਕ, ਕਾਵਿ-ਕਥਨ ਨੂੰ ਵਧੇਰੇ ਤਵਜਹੁ ਨਾਲ ਪੜ੍ਹਦਾ ਅਤੇ ਮਾਣਦਾ ਹੈ। ਪਾਸ਼ ਦੇ ਕਾਵਿ-ਸੰਸਾਰ ਵਿਚ ਪੇਸ਼ ਹੋਣ ਵਾਲੇ ਅਲੰਕਾਰ ਮੌਲਿਕ, ਸੱਜਰੇ ਅਤੇ ਸਮਕਾਲੀ ਪਰਿਸਥਿਤੀਆਂ ਦੀ ਪ੍ਰਤੀਨਿਧਤਾ ਕਰਦੇ ਹਨ। ਦੇਖੋ :

ਮੇਰੀ ਦੋਸਤ, ਆਪਾਂ ਯਾਦ ਰੱਖਾਂਗੇ
ਕਿ ਦਿਨੇ ਲੁਹਾਰ ਦੀ ਭੱਠੀ ਦੇ ਵਾਂਗ ਤਪਣ ਵਾਲੇ
ਆਪਣੇ ਪਿੰਡ ਦੇ ਟਿੱਬੇ

ਰਾਤ ਨੂੰ ਫੁੱਲਾਂ ਵਾਂਗ ਮਹਿਕ ਉੱਠਦੇ ਹਨ
ਤੇ ਚਾਂਦਨੀ ਵਿਚ ਰਸੇ ਹੋਏ ਟੋਕੇ ਦੇ ਢੇਰਾਂ ਉੱਤੇ ਲੇਟ ਕੇ
ਸਵਰਗ ਨੂੰ ਗਾਲ੍ਹ ਕੱਢਣਾ, ਬੜਾ ਸੰਗੀਤਮਈ ਹੁੰਦਾ ਹੈ
ਹਾਂ ਇਹ ਸਾਨੂੰ ਯਾਦ ਰੱਖਣਾ ਪਏਗਾ ਕਿਉਂਕਿ
ਜਦੋਂ ਦਿਲ ਦੀਆਂ ਜੇਬਾਂ ਵਿਚ ਕੁਝ ਨਹੀਂ ਹੁੰਦਾ
ਯਾਦ ਕਰਨਾ ਬੜਾ ਈ ਸੁਖਾਵਾਂ ਲਗਦਾ ਹੈ।

(*ਮੈਂ ਹੁਣ ਵਿਦਾ ਹੁੰਦਾ ਹਾਂ* )

### 1.6.1 ਸ਼ਬਦ-ਭੰਡਾਰ ਅਤੇ ਸ਼ੈਲੀ

ਪਾਸ਼ ਦੀ ਸ਼ੈਲੀ ਵਿਚ ਵਿਅੰਗ ਦਾ ਲੱਛਣ ਬੜਾ ਉੱਘੜਵਾਂ ਅਤੇ ਸਪੱਸ਼ਟ ਹੈ। ਵਿਅੰਗ ਦੇ ਮਾਧਿਅਮ ਦੁਆਰਾ ਉਹ ਸਮਾਜ ਅਤੇ ਵਿਅਕਤੀ ਦੇ ਅੰਦਰੂਨੀ ਉਲਾਰਾਂ, ਵਿਗਾੜਾਂ ਅਤੇ ਵਿਸੰਗਤੀਆਂ ਨੂੰ ਉਭਾਰਦਾ ਹੈ। ਉਹ ਜਾਣਦਾ ਹੈ ਕਿ ਵਿਅੰਗ, ਯਥਾਰਥ ਵੱਲ ਜਾਣ ਵਾਲਾ ਸਭ ਤੋਂ ਸਿੱਧਾ ਅਤੇ ਛੋਟਾ ਰਾਹ ਹੈ। ਉਹ ਸਮਾਜ ਅਤੇ ਰਾਜਨੀਤਕ ਖੇਤਰ ਵਿਚ ਉੱਚੀਆਂ ਪਦਵੀਆਂ ਸੰਭਾਲੀ ਬੈਠੇ ਦੰਭੀ ਅਤੇ ਦੋਗਲੇ ਵਿਅਕਤੀਆਂ ਨੂੰ ਆਪਣੇ ਵਿਅੰਗ ਦਾ ਨਿਸ਼ਾਨਾ ਬਣਾਉਂਦਾ ਹੈ। ਸਮਾਜ ਵਿਚ ਰਹਿੰਦੇ ਹੋਏ ਅਜਿਹੇ ਲੋਕ, ਜੋ ਜ਼ੁਲਮ ਅਤੇ ਧੱਕੇਸ਼ਾਹੀ ਦੇ ਵਿਰੁੱਧ ਆਪਣੀ ਜ਼ਬਾਨ ਨਹੀਂ ਖੋਲ੍ਹਦੇ ਅਤੇ ਸਭ ਕੁਝ ਜਾਣਦੇ -ਬੁੱਝਦੇ ਹੋਏ ਵੀ ਅਣਜਾਣ ਬਣੇ ਰਹਿੰਦੇ ਹਨ, ਵੀ ਪਾਸ਼ ਦੇ ਵਿਅੰਗ ਦਾ ਨਿਸ਼ਾਨਾ ਬਣੇ ਹਨ। ਇਨ੍ਹਾਂ ਨੂੰ ਉਹ ਸਭ ਤੋਂ ਖ਼ਤਰਨਾਕ ਆਦਮੀ ਮੰਨਦਾ ਹੈ। ਕਵੀ ਅਨੁਸਾਰ :

ਕਿਰਤ ਦੀ ਲੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਪੁਲਿਸ ਦੀ ਕੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ...
ਸਭ ਤੋਂ ਖ਼ਤਰਨਾਕ ਹੁੰਦਾ ਹੈ
ਮੁਰਦਾ ਸ਼ਾਂਤੀ ਨਾਲ ਭਰ ਜਾਣਾ
ਨਾ ਹੋਣਾ ਤੜਪ ਦਾ, ਸਭ ਸਹਿਣ ਕਰ ਜਾਣਾ ...
ਸਭ ਤੋਂ ਖ਼ਤਰਨਾਕ ਹੁੰਦਾ ਹੈ
ਸਾਡੇ ਸੁਪਨਿਆਂ ਦਾ ਮਰ ਜਾਣਾ।

(*ਸਭ ਤੋਂ ਖ਼ਤਰਨਾਕ*)

1.6.2 ਪਾਸ਼ ਨੇ ਸੰਬੋਧਨਮਈ ਅਤੇ ਸੰਭਾਸ਼ਣਮਈ (Rhetorical) ਸ਼ੈਲੀ ਦੇ ਮਾਧਿਅਮ ਦੁਆਰਾ ਪਾਠਕਾਂ ਨੂੰ ਪ੍ਰਭਾਵਿਤ ਅਤੇ ਭਾਵਿਤ ਕੀਤਾ ਹੈ। ਉਹ ਆਪਣੀ ਹਰ ਨਜ਼ਮ ਵਿਚ ਸੰਬੋਧਨ-ਸੂਚਕ ਸ਼ਬਦਾਂ 'ਮੁੰਡਿਓ !', 'ਡਾਢਿਓ !', 'ਕੁੜੀਓ !', 'ਕਾਮਰੇਡ !' ਆਦਿ ਦੁਆਰਾ ਆਪਣੇ ਮਿੱਤਰਾਂ, ਹਿਤੈਸ਼ੀਆਂ ਅਤੇ ਹਮਾਇਤੀਆਂ ਨੂੰ ਮੁਖ਼ਾਤਿਬ ਹੁੰਦਾ ਹੈ। ਇਥੋਂ ਤੱਕ ਕਿ ਉਹ ਆਪਣੇ ਵਿਰੋਧੀਆਂ, ਦੁਸ਼ਮਣਾਂ ਅਤੇ ਕੱਟੜਪੰਥੀਆਂ ਨੂੰ ਵੀ ਇਸੇ ਅੰਦਾਜ਼ ਨਾਲ ਵੰਗਾਰਦਾ ਅਤੇ ਲਲਕਾਰਦਾ ਹੈ। ਇਹ ਅੰਦਾਜ਼ ਪਾਠਕਾਂ ਨਾਲ ਇਕ ਭਾਵੁਕ ਸਾਂਝ ਅਤੇ ਅਪਣੱਤ ਪੈਦਾ ਕਰ ਲੈਂਦਾ ਹੈ ਅਤੇ ਕਵੀ ਆਪਣੇ ਮੰਤਵ ਵਿਚ ਸਫ਼ਲ ਹੋ ਜਾਂਦਾ ਹੈ। ਉਸ ਨੇ ਸੰਭਾਸ਼ਣਮਈ ਜੁਗਤ ਦਾ ਪ੍ਰਯੋਗ ਵੀ ਪਾਠਕਾਂ ਨਾਲ ਸਹਾਨੁਭੂਤੀ ਅਤੇ ਏਕਤਾ ਸਥਾਪਿਤ ਕਰਨ ਦੇ ਇਰਾਦੇ ਨਾਲ ਹੀ ਕੀਤਾ ਹੈ। ਕਾਵਿ ਵਿਚ 'ਸੰਭਾਸ਼ਣ' ਦੇ ਪ੍ਰਯੋਗ ਦੁਆਰਾ ਪਾਠਕ ਜੀਵਨ ਦੀਆਂ ਉਚੇਰੀਆਂ ਕਦਰਾਂ-ਕੀਮਤਾਂ ਨਾਲ ਜੁੜ ਕੇ ਆਪਣੇ ਛੋਟੇ-ਛੋਟੇ ਸਵਾਰਥਾਂ ਤੋਂ ਉੱਪਰ ਉੱਠ ਜਾਂਦਾ ਹੈ। ਇਸ ਪ੍ਰਸੰਗ ਵਿਚ ਇਕ ਉਦਾਹਰਣ ਦੇਖੋ :

ਹੁਣ ਜੋ ਮੇਰੇ ਘਨੇੜਿਆਂ ਤੇ ਛੈਂਟਾ ਲਈ ਬੈਠਾ ਹੈ
ਮੁੱਦਤ ਹੋਈ, ਇਹ ਸਮਾਂ ਮੇਰੇ ਨਾਲ ਕਿਕਲੀਆਂ ਪਾਉਂਦਾ।
ਖਿੱਦੋਆਂ ਖੇਡਦਾ ਤੇ ਦੂਰ ਓਪਰੇ ਖੂਹਾਂ ਉਤੇ
ਚੋਰੀ ਚੋਰੀ ਨਿੰਬੂ ਤੋੜਨ ਜਾਇਆ ਕਰਦਾ ਸੀ।
ਹੁਣ ਤਾਂ ਖਵਰੇ ਸਾਫ਼ ਈ ਮੁੱਕਰ ਜਾਏ
ਪਰ ਓਦੋਂ ਤਾਂ ਉਹ ਮੇਰੇ ਅੰਗ ਸੰਗ ਰਹਿ ਘਰਦਿਆਂ ਤੋਂ ਗਾਹਲਾਂ ਖਾਂਦਾ
ਢੀਠ ਹੋ ਮੇਰੀ ਵੱਖੀ ਵਿਚ ਕੁਤਾਰੀਆਂ ਕੱਢਦਾ
ਅਤੇ ਮੈਂ ਝੜੀ ਵਿਚੋਂ ਮੁਕਤ ਹੋਏ ਸੂਰਜ ਦੇ ਵਾਂਗ ਹੱਸ ਪੈਂਦਾ।

(*ਸਿਵੇ ਦਰ ਸਿਵੇ* )

**1.6.3** ਪਾਸ਼ ਦਾ ਸ਼ਬਦ-ਭੰਡਾਰ ਉਸ ਦੇ ਕਾਵਿ-ਅਨੁਭਵ ਨੂੰ ਪੇਸ਼ ਕਰਨ ਵਿਚ ਪੂਰੀ ਤਰ੍ਹਾਂ ਸਫ਼ਲ ਸਿੱਧ ਹੁੰਦਾ ਹੈ। ਆਪਣੇ ਸਾਥੀਆਂ-ਕਾਮਰੇਡਾਂ ਨਾਲ ਗੱਲ-ਬਾਤ ਕਰਨ ਸਮੇਂ ਉਹ ਅੰਗਰੇਜ਼ੀ ਭਾਸ਼ਾ ਦੀ ਨਿੱਤ ਵਰਤੀ ਜਾਣ ਵਾਲੀ ਸ਼ਬਦਾਵਲੀ ਦਾ ਪ੍ਰਯੋਗ ਕਰ ਲੈਂਦਾ ਹੈ। ਕਿਤੇ-ਕਿਤੇ ਉਤੇਜਨਾ ਦੇ ਛਿਣਾਂ ਵਿਚ ਖਿੱਝ ਕੇ ਜਾਂ ਖਫ਼ਾ ਹੋ ਕੇ ਉਹ ਉਰਦੂ-ਫ਼ਾਰਸੀ ਦੀ ਸ਼ਬਦਾਵਲੀ ਵਰਤਣ ਲੱਗਦਾ ਹੈ। ਉਸ ਦਾ ਸਾਹਿਤਿੱਕ ਸ਼ਬਦ-ਭੰਡਾਰ ਗੁਰਮਤਿ, ਸੂਫ਼ੀ ਅਤੇ ਕਿੱਸਾ ਕਾਵਿ ਵਿਚ ਵਰਤੀ ਗਈ ਸੰਕਲਪਗਤ ਸ਼ਬਦਾਵਲੀ ਨਾਲ ਭਰਪੂਰ ਹੈ। ਇਸ ਤਰ੍ਹਾਂ ਆਪਣੇ ਭਾਵਾਂ ਦੇ ਅਭਿਵਿਅੰਜਨ ਲਈ ਉਸ ਨੂੰ ਸ਼ਬਦਾਵਲੀ ਦੀ ਘਾਟ ਮਹਿਸੂਸ ਨਹੀਂ ਹੁੰਦੀ।

**1.7.1 ਨਿਚੋੜ :**

ਪਾਸ਼ ਆਧੁਨਿਕ ਪੰਜਾਬੀ ਕਾਵਿ ਦਾ ਇਕ ਉੱਘੜਵਾਂ ਹਸਤਾਖਰ ਹੈ। ਨਾ ਕੇਵਲ ਨਵ-ਪ੍ਰਗਤੀਵਾਦੀ ਅਥਵਾ ਨਕਸਲਵਾਦੀ ਕਵਿਤਾ ਵਿਚ ਬਲਕਿ ਸਮੁੱਚੀ ਆਧੁਨਿਕ ਪੰਜਾਬੀ ਕਵਿਤਾ ਦੇ ਖੇਤਰ ਵਿਚ ਉਸ ਦਾ ਇਕ ਮਹੱਤਵਪੂਰਨ ਸਥਾਨ ਹੈ। 1965-66 ਵਿਚ ਜਮੂਦਗ੍ਰਸਤ ਹੁੰਦੀ ਜਾ ਰਹੀ ਪੰਜਾਬੀ ਕਵਿਤਾ ਨੂੰ ਉਸ ਨੇ ਨਵੇਂ-ਨਵੇਂ ਪ੍ਰਸੰਗਿਕ ਵਿਸ਼ਿਆਂ ਅਤੇ ਅਭਿਵਿਅਕਤੀ ਦੀਆਂ ਮੌਲਿਕ ਜੁਗਤਾਂ ਨਾਲ ਇਕ ਨਵੀਂ ਤਾਜ਼ਗੀ ਪ੍ਰਦਾਨ ਕੀਤੀ। ਪ੍ਰਯੋਗਵਾਦੀ ਕਾਵਿ ਦੇ ਪ੍ਰਤੀਗਾਮੀ ਝੁਕਾਉ ਨੂੰ ਤੋੜ ਕੇ ਉਸ ਨੇ ਸਾਹਿੱਤ ਅਤੇ ਜੀਵਨ ਦੇ ਦਰਮਿਆਨ ਇਕ ਸਵਸਥ ਰਿਸ਼ਤੇ ਦਾ ਪੁਨਰ-ਨਿਰਮਾਣ ਕੀਤਾ। ਉਹ ਇਕ ਇਨਕਲਾਬੀ ਸ਼ਾਇਰ ਸੀ ਅਤੇ ਉਹ ਮਨੁੱਖੀ ਜੀਵਨ ਨੂੰ ਵਧੇਰੇ ਖੂਬਸੂਰਤ ਅਤੇ ਕਲਿਆਣਕਾਰੀ ਬਣਾਉਂਣਾ ਲੋਚਦਾ ਸੀ। ਉਸ ਦੀ ਕਵਿਤਾ ਝੁੱਗੀਆਂ ਵਿਚੋਂ ਉਦੈ ਹੋਣ ਵਾਲੇ ਨਵੇਂ ਸੂਰਜਾਂ ਦੀ ਗੱਲ ਕਰਦੀ ਹੈ ਅਤੇ ਮਿਹਨਤਕਸ਼ ਲੋਕਾਂ ਤੇ ਅਣਗੌਲੇ ਵਰਗਾਂ ਲਈ ਜੀਵਨ ਦੇ ਸੁਨਹਿਰੀ ਚਿੱਤਰ ਲੈ ਕੇ ਰੂਪਮਾਨ ਹੁੰਦੀ ਹੈ। ਪਾਸ਼ ਦੀ ਕਵਿਤਾ ਪੰਜਾਬੀ ਕਾਵਿ ਨੂੰ ਇਕ ਨਵੀਂ ਸ਼ਨਾਖਤ ਅਤੇ ਲਹਿਜ਼ਾ ਪ੍ਰਦਾਨ ਕਰਦੀ ਹੈ।

## ਸਹਾਇਕ ਪੁਸਤਕਾਵਲੀ


1. *ਪਾਸ਼ ਦੀਆਂ ਚਿੱਠੀਆਂ, ਲੋਹ ਕਥਾ,* 22 ਮਾਲਤੀ, ਨਕੋਦਰ, ਪੰਜਾਬ।
2. *ਖਿੱਲਰੇ ਹੋਏ ਵਰਕੇ,* ਨਵਯੁਗ ਪ੍ਰੈਸ, ਚਾਂਦਨੀ ਚੌਕ, ਦਿੱਲੀ, 1989.
3. *ਗੁਲਪਾਸ਼* (ਸੰਕਲਨ), ਸਾਹਿੱਤ ਅਕਾਦਮੀ, ਨਵੀਂ ਦਿੱਲੀ, 1991.
4. ਸੁਰਜੀਤ ਹਾਂਸ, *'ਸਾਡੇ ਸਮਿਆਂ ਵਿਚ,' ਲਕੀਰ* (ਮਾਰਚ-ਅਪ੍ਰੈਲ, 1979).
5. ਗੁਰਵਿੰਦਰ ਕੌਰ, *ਪਾਸ਼ ਦਾ ਕਾਵਿ-ਸੰਸਾਰ,* ਵਾਰਿਸ਼ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1990.


## ਪਾਸ਼ ਦੇ ਜੀਵਨ ਨਾਲ ਸਬੰਧਿਤ ਅਹਿਮ ਵੇਰਵੇ

1950 : 8 ਸਤੰਬਰ ਨੂੰ ਤਲਵੰਡੀ ਸਲੇਮ (ਜਲੰਧਰ) ਵਿਚ ਪਾਸ਼ ਦਾ ਜਨਮ।

1953 : ਰੂਸ ਵਿਚ ਸੋਧਵਾਦੀ ਦੌਰ ਦਾ ਅਰੰਭ।

1959 : ਕਿਊਬਾ ਵਿਚ ਇਨਕਲਾਬ।

1962 : ਭਾਰਤ ਅਤੇ ਚੀਨ ਵਿਚਕਾਰ ਯੁੱਧ। ਭਾਰਤੀ ਕਮਿਊਨਿਸਟ ਪਾਰਟੀ ਵਿਚ ਮੱਤਭੇਦ।

1964 : ਪਾਸ਼ ਨੇ ਹਾਈ ਸਕੂਲ ਧੀਵਾ ਤੋਂ ਮਿਡਲ ਪਾਸ ਕੀਤੀ। ਜੂਨੀਅਰ ਟੈਕਨੀਕਲ ਸਕੂਲ ਕਪੂਰਥਲਾ ਵਿਚ ਦਾਖ਼ਲ ਹੋਇਆ।

1965 : ਭਾਰਤ ਅਤੇ ਪਾਕਿਸਤਾਨ ਵਿਚ ਜੰਗ।

1966 : 11 ਜਨਵਰੀ ਨੂੰ ਲਾਲ ਬਹਾਦਰ ਸ਼ਾਸਤਰੀ ਦੀ ਮੌਤ। ਬਾਅਦ ਵਿੱਚ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਬਣੇ ।

1967 : ਕਪੂਰਥਲੇ ਵਾਲਾ ਡਿਪਲੋਮਾ ਅੱਧ-ਵਿਚਕਾਰ ਛੱਡ ਕੇ ਪਾਸ਼ ਨੇ ਜੈਨ ਹਾਈ ਸਕੂਲ ਜਲੰਧਰ ਤੋਂ ਨੌਂਵੀ ਜਮਾਤ ਪਾਸ ਕੀਤੀ। ਬਾਰਡਰ ਸੀਕਿਉਰਿਟੀ ਫ਼ੋਰਸ ਵਿਚ ਭਰਤੀ ਹੋਇਆ ਪਰ ਤਿੰਨ ਮਹੀਨਿਆਂ ਪਿੱਛੋਂ ਵਾਪਸ ਆ ਗਿਆ।

ਮਈ ਦੇ ਅੰਤਲੇ ਹਫ਼ਤੇ ਨਕਸਲਵਾਦੀ ਘਟਨਾ ਵਾਪਰੀ। ਪੰਜਾਬ ਵਿਚ ਵੀ ਨਕਸਲਵਾਦੀ ਇਨਕਲਾਬੀ ਸਰਗਰਮ ਹੋਏ।

1968 : ਵਿਦਿਆਰਥੀ ਵਰਗ ਵੱਲੋਂ ਹੜਤਾਲਾਂ ਦਾ ਦੌਰ। ਜਸਟਿਸ ਗੁਰਨਾਮ ਸਿੰਘ ਨੂੰ ਹਟਾ ਕੇ ਸ. ਲਛਮਣ ਸਿੰਘ ਗਿੱਲ ਮੁੱਖ-ਮੰਤਰੀ ਬਣਿਆ।

1969 : ਕਲਕੱਤੇ ਵਿਚ ਨਵੀਂ ਮਾਰਕਸਵਾਦੀ-ਲੈਨਿਨਵਾਦੀ ਪਾਰਟੀ ਬਨਾਉਣ ਦਾ ਐਲਾਨ। ਪਾਸ਼ ਦਾ ਨਕਸਲਬਾੜੀ ਇਨਕਲਾਬੀਆਂ ਨਾਲ ਮੇਲ-ਜੋਲ।

1970 : 10 ਮਈ ਨੂੰ ਭੱਠਾ ਮਾਲਕ (ਨਕੋਦਰ) ਦੇ ਕਤਲ ਕੇਸ ਵਿਚ ਪਾਸ਼ ਦੀ ਗ੍ਰਿਫ਼ਤਾਰੀ। *ਲੋਹ-ਕਥਾ* ਪੁਸਤੱਕ ਪ੍ਰਕਾਸ਼ਿਤ ਹੋਈ।

1971 : ਭਾਰਤ ਅਤੇ ਪਾਕਿਸਤਾਨ ਦਰਮਿਆਨ ਜੰਗ।
ਪਾਸ਼ ਰਿਹਾਅ ਹੋਇਆ।

1972 : ਗਿਆਨੀ ਜੈਲ ਸਿੰਘ ਪੰਜਾਬ ਦਾ ਮੁੱਖ-ਮੰਤਰੀ ਬਣਿਆ।
ਮੋਗੇ ਦੇ ਵਿਦਿਆਰਥੀਆਂ ਉੱਤੇ ਫਾਇਰਿੰਗ।
ਪਾਸ਼ ਨੇ 'ਸਿਆੜ' ਮੈਗਜ਼ੀਨ ਕੱਢਣਾ ਸ਼ੁਰੂ ਕੀਤਾ।

1974 : *ਉਡਦੇ ਬਾਜਾਂ ਮਗਰ* ਪ੍ਰਕਾਸ਼ਿਤ ਹੋਈ।
ਪਾਸ਼ ਨੂੰ ਮੁੜ ਗ੍ਰਿਫਤਾਰ ਕੀਤਾ ਗਿਆ।

1975 : 26 ਜੂਨ ਨੂੰ ਦੇਸ਼ ਵਿਚ ਐਮਰਜੈਂਸੀ ਲਗਾਈ ਗਈ।

1976 : ਪਾਸ਼ ਵੱਲੋਂ ਪੜ੍ਹਾਈ ਦੋਬਾਰਾ ਸ਼ੁਰੂ ਕੀਤੀ ਗਈ। ਮੈਟ੍ਰਿਕ ਅਤੇ ਗਿਆਨੀ ਪਾਸ ਕਰਕੇ ਈਵਨਿੰਗ ਕਾਲਜ ਜਲੰਧਰ ਵਿਚ ਦਾਖਲਾ ਲਿਆ।

1977 : ਪਾਰਲੀਮੈਂਟ ਚੋਣਾਂ ਵਿਚ ਇੰਦਰਾ ਗਾਂਧੀ ਦੀ ਹਾਰ।
ਪੰਜਾਬ ਵਿਚ ਅਕਾਲੀ ਸਰਕਾਰ।

1978 : ਪਾਸ਼ ਨੇ ਜੇ.ਬੀ.ਟੀ. ਪਾਸ ਕੀਤੀ। ਰਾਜਵਿੰਦਰ ਕੌਰ ਸੰਧੂ ਨਾਲ ਵਿਆਹ। *ਸਾਡੇ ਸਮਿਆਂ ਵਿਚ* ਪ੍ਰਕਾਸ਼ਿਤ ਹੋਈ।

1979 : ਲੋਕ ਸਭਾ ਚੋਣਾਂ ਵਿਚ ਇੰਦਰਾ ਗਾਂਧੀ ਦੀ ਵਾਪਸੀ।
ਪੰਜਾਬ ਦੀ ਅਕਾਲੀ ਸਰਕਾਰ ਭੰਗ
ਅਕਾਲੀਆਂ ਤੇ ਸੀ.ਪੀ.ਐਮ. ਵੱਲੋਂ ਪੰਜਾਬ ਦੀਆਂ ਮੰਗਾਂ ਨੂੰ ਲੈ ਕੇ ਮੋਰਚਾ (ਕਪੂਰੀ, ਜ਼ਿਲ੍ਹਾ ਪਟਿਆਲਾ) ਸ਼ੁਰੂ ਕੀਤਾ ਗਿਆ।
ਪੰਜਾਬ ਵਿਚ ਖਾਲਿਸਤਾਨੀ ਹਿੰਸਾ ਦਾ ਦੌਰ ਸ਼ੁਰੂ ਹੋਇਆ।

1982 : ਪਾਸ਼ ਦੀ ਧੀ ਵਿੰਕਲ ਦਾ ਜਨਮ।

1984 : ਅਪਰੇਸ਼ਨ ਬਲਿਊ ਸਟਾਰ।
ਨਵੰਬਰ ਵਿਚ ਇੰਦਰਾ ਗਾਂਧੀ ਦੀ ਹੱਤਿਆ ਅਤੇ ਪੂਰੇ ਦੇਸ਼ ਵਿਚ ਸਿੱਖ ਵਿਰੋਧੀ ਦੰਗੇ।
ਰਾਜੀਵ ਗਾਂਧੀ ਪ੍ਰਧਾਨ ਮੰਤਰੀ ਬਣਿਆ।

1985 : ਪੰਜਾਬੀ ਸਾਹਿੱਤ ਅਕਾਦਮੀ ਵੱਲੋਂ ਪਾਸ਼ ਨੂੰ ਫ਼ੈਲੋਸ਼ਿਪ।

1986 : ਪਾਸ਼ ਕੈਲੀਫੋਰਨੀਆ ਪਹੁੰਚਿਆ।

1987 : ਅਕਤੂਬਰ ਵਿਚ ਵਾਪਸੀ ਅਤੇ ਵੀਜ਼ਾ ਲੈ ਕੇ ਅਮਰੀਕਾ ਚਲਾ ਗਿਆ।

1988 : ਦੋਬਾਰਾ ਵੀਜ਼ਾ ਲੈਣ ਲਈ ਭਾਰਤ ਪਰਤਿਆ ਪਰ ਜਾਣ ਤੋਂ ਪਹਿਲਾਂ 23 ਮਾਰਚ ਨੂੰ ਹੰਸ ਰਾਜ ਨਾਮੀ ਮਿੱਤਰ ਸਮੇਤ ਅਤਿਵਾਦੀਆਂ ਵੱਲੋਂ ਕਤਲ।

## ਅਭਿਆਸ ਲਈ ਪ੍ਰਸ਼ਨ

1. ਆਧੁਨਿਕ ਪੰਜਾਬੀ ਕਵਿਤਾ ਨੂੰ ਪਾਸ਼ ਦੀ ਦੇਣ ਉੱਤੇ ਇਕ ਆਲੋਚਨਾਤਮਕ ਨੋਟ ਲਿਖੋ।
2. ਨਕਸਲਵਾਦੀ (ਨਵ-ਪ੍ਰਗਤੀਵਾਦੀ) ਕਵਿਤਾ ਵਿਚ ਪਾਸ਼ ਦੇ ਯੋਗਦਾਨ ਬਾਰੇ ਆਪਣੇ ਵਿਚਾਰ ਦੱਸੋ।
3. ਰਾਜਨੀਤਿੱਕ ਲਹਿਰਾਂ ਅਤੇ ਕਾਵਿ-ਸਿਰਜਨਾ ਦੇ ਆਪਸੀ ਸਬੰਧਾਂ ਬਾਰੇ ਵਿਚਾਰ ਕਰਦੇ ਹੋਏ ਆਧੁਨਿਕ ਪੰਜਾਬੀ ਕਵਿਤਾ ਦਾ ਵਿਸ਼ਲੇਸ਼ਣ ਕਰੋ।

## ਪੁੱਛੇ ਜਾ ਸਕਣ ਵਾਲੇ ਛੋਟੇ ਪ੍ਰਸ਼ਨ

1. ਪਾਸ਼ ਦਾ ਪੂਰਾ ਨਾਮ ਕੀ ਸੀ ਅਤੇ ਉਸ ਨੇ ਆਪਣੇ ਅਸਲ ਨਾਮ ਨੂੰ ਛੱਡ ਕੇ 'ਪਾਸ਼' ਉਪਨਾਮ ਕਿਉਂ ਧਾਰਨ ਕੀਤਾ?
2. ਪਾਸ਼ ਦੀ ਪਹਿਲੀ ਕਾਵਿ-ਰਚਨਾ ਕਦੋਂ ਪ੍ਰਕਾਸ਼ਿਤ ਹੋਈ, ਉਸ ਦਾ ਨਾਮ ਕੀ ਸੀ?
3. ਪਾਸ਼ ਦੀ ਵਿਅੰਗ-ਵਿਧੀ ਕੀ ਹੈ?
4. ਪਾਸ਼ ਦੇ ਸੰਬੋਧਨੀ ਲਹਿਜੇ ਬਾਰੇ ਤੁਸੀਂ ਕੀ ਜਾਣਦੇ ਹੋ?
5. 'ਯੁੱਧ ਤੇ ਸ਼ਾਂਤੀ' ਕਵਿਤਾ ਦਾ ਵਿਸ਼ਾ ਕੀ ਹੈ?
6. ਪਾਸ਼ ਕਿਸ ਤਰ੍ਹਾਂ ਦੀ ਕਵਿਤਾ ਲਿਖਣ ਤੋਂ ਇਨਕਾਰ ਕਰਦਾ ਹੈ?
7. ਪਾਸ਼ ਅੰਤਰ-ਮੁਖਤਾ ਦੀ ਕਵਿਤਾ ਕਿਉਂ ਲਿਖਣ ਲੱਗਾ?
8. ਇਨਕਲਾਬ ਲਿਆਉਣ ਵਿਚ ਕਵਿਤਾ ਕੀ ਯੋਗਦਾਨ ਪਾ ਸਕਦੀ ਹੈ?
9. ਪਾਰਟੀਆਂ ਦੀ ਪੈਂਤੜਾਬਾਜ਼ੀ ਨਾਲ ਕਵਿਤਾ ਦੀ ਹੁਨਾੜੀ ਕਿਉਂ ਨਹੀਂ ਹੋ ਸਕਦੀ?
10. ਪਾਸ਼ ਕਿਨ੍ਹਾਂ ਕਵੀਆਂ ਦੀ ਕਵਿਤਾ ਤੋਂ ਪ੍ਰਭਾਵਿਤ ਹੋਇਆ ਹੈ?
11. 'ਕਾਮਰੇਡ ਨਾਲ ਗੱਲ-ਬਾਤ' ਵਿਚ ਮੁੱਖ ਸਰੋਕਾਰ ਕੀ ਹੈ?
12. 'ਪ੍ਰਤੀਬੱਧਤਾ' ਕਵਿਤਾ ਦਾ ਵਿਸ਼ਾ ਕੀ ਹੈ?
13. ਸੁਹਜ-ਸ਼ਾਸਤਰ ਦੇ ਸਿਧਾਂਤਾਂ ਬਾਰੇ ਪਾਸ਼ ਕਿਵੇਂ ਸੋਚਦਾ ਹੈ?
14. ਨਕਸਲਵਾਦੀ ਲਹਿਰ ਨਾਲ ਜੁੜੇ ਹੋਏ ਪੰਜ ਕਵੀਆਂ ਅਤੇ ਉਨ੍ਹਾਂ ਦੀਆਂ ਪ੍ਰਮੁੱਖ ਰਚਨਾਵਾਂ ਦੇ ਨਾਂ ਦੱਸੋ।
15. ਨਕਸਲਵਾਦੀ ਸ਼ਬਦ ਦਾ ਕੀ ਅਰਥ ਹੈ ਅਤੇ ਇਹ ਪੰਜਾਬੀ ਕਵਿਤਾ ਵਿਚ ਕਿਵੇਂ ਆਇਆ?

**ਪਾਠ ਨੰਬਰ : 2.5** **ਲੇਖਕ : ਡਾ. ਪਰਮਜੀਤ ਬੇਦੀ**

## 'ਦੇਸ ਹੋਇਆ ਪਰਦੇਸ' ਦਾ ਵਿਸ਼ਾ-ਵਸਤੂ

ਪੰਜਾਬੀ ਭਾਸ਼ਾ ਦੇ ਨਿਰੰਤਰ ਵਿਕਾਸ ਦੀ ਬਦੌਲਤ ਜਿਥੇ ਇਕ ਪਾਸੇ ਵੱਖ ਵੱਖ ਸਾਹਿਤ ਰੂਪਾਂ ਕ੍ਰਮਵਾਰ ਕਵਿਤਾ, ਕਹਾਣੀ, ਨਾਵਲ, ਨਾਟਕ, ਵਾਰਤਕ ਆਦਿ ਵਿਚ ਨਵੇਂ ਪ੍ਰਯੋਗ ਹੋਏ ਹਨ ਉਥੇ ਨਾਲ ਦੀ ਨਾਲ ਆਧੁਨਿਕ ਪੰਜਾਬੀ ਸਾਹਿਤ ਦੇਸ ਵਿਦੇਸ਼ ਦੀਆਂ ਹੱਦਾਂ ਵੀ ਟੱਪ ਗਿਆ ਹੈ। ਇਸ ਪਰਥਾਇ ਵੀਹਵੀਂ ਸਦੀ ਵਿਚ ਹੀ ਦੋ ਨਵੇਂ ਪਾਸਾਰ ਖੁਲ੍ਹੇ ਹਨ ਜਿਨ੍ਹਾਂ ਵਿਚੋਂ 'ਪਰਵਾਸੀ ਪੰਜਾਬੀ ਸਾਹਿਤ' ਦਾ ਪਾਸਾਰ ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਗਦਰ ਲਹਿਰ ਦੇ ਸਾਹਿਤ ਰਾਹੀਂ ਖੁਲ੍ਹਿਆ ਅਤੇ ਦੂਜਾ ਪਾਸਾਰ 1947 ਦੀ ਦੇਸ਼ ਵੰਡ ਦੀ ਬਦੌਲਤ 'ਪਾਕਿਸਤਾਨੀ ਪੰਜਾਬੀ ਸਾਹਿਤ' ਦੇ ਰੂਪ ਵਿਚ ਦ੍ਰਿਸ਼ਟੀਗੋਚਰ ਹੋਇਆ। ਲਿਹਾਜ਼ਾ 'ਸੰਯੁਕਤ ਪੰਜਾਬੀ ਸਾਹਿਤ' ਦੀ ਥਾਂ ਹੁਣ ਪੰਜਾਬੀ ਸਾਹਿਤ ਦੀਆਂ ਤਿੰਨ ਧਾਰਾਵਾਂ ਵਿਕਸਿਤ ਹੋ ਚੁੱਕੀਆਂ ਹਨ :

I. ਭਾਰਤੀ ਪੰਜਾਬੀ ਸਾਹਿਤ

II. ਪਰਵਾਸੀ ਪੰਜਾਬੀ ਸਾਹਿਤ

III. ਪਾਕਿਸਤਾਨੀ ਪੰਜਾਬੀ ਸਾਹਿਤ

ਇਸ ਸਥਿਤੀ ਵਿਚ ਹੀ ਇਨ੍ਹਾਂ ਤਿੰਨਾਂ ਧਾਰਾਵਾਂ ਵਿਚ ਵੀ ਅਲੱਗ ਅਲੱਗ ਸਾਹਿਤ ਰੂਪਾਂ ਦਾ ਵਿਕਾਸ ਹੋਇਆ ਹੈ ਜਿਹੜਾ ਪੂਰੀ ਵੀਹਵੀਂ ਸਦੀ ਪਾਰ ਕਰਕੇ ਇਕੀਵੀਂ ਸਦੀ ਦੇ ਤੀਜੇ ਦਹਾਕੇ ਤਕ ਪੁੱਜ ਗਿਆ ਹੈ। ਇਸੇ ਪ੍ਰਸੰਗ ਵਿਚ ਪੰਜਾਬੀ ਸਾਹਿਤ ਦੀ ਪ੍ਰਮੁਖ ਧਾਰਾ ਕਵਿਤਾ ਹੋਣ ਕਾਰਨ 'ਕਵਿਤਾ' ਦਾ ਵਿਕਾਸ ਦੂਜੇ ਰੂਪਾਂ ਦੇ ਮੁਕਾਬਲੇ ਨਿਸ਼ਚਿਤ ਰੂਪ ਵਿਚ ਵਧੇਰੇ ਹੋਇਆ ਹੈ। ਲਿਹਾਜ਼ਾ ਕਵਿਤਾ ਸਭ ਤੋਂ ਵੱਧ ਮਾਤਰਾ ਵਿਚ ਲਿਖੀ ਜਾ ਰਹੀ ਹੈ। ਇਸ ਪ੍ਰਸੰਗ ਵਿਚ ਪਰਵਾਸੀ ਪੰਜਾਬੀ ਕਵਿਤਾ ਦੀਆਂ ਨਵੀਆਂ ਸੰਭਾਵਨਾਵਾਂ ਵੀ ਦ੍ਰਿਸ਼ਟੀਗੋਚਰ ਹੋਈਆਂ ਹਨ। 'ਪਰਵਾਸੀ ਪੰਜਾਬੀ ਕਵਿਤਾ' ਦੇ ਅਧਿਐਨ ਲਈ ਵੱਡੀ ਗਿਣਤੀ ਵਿਚ ਕਾਵਿ-ਸੰਗ੍ਰਹਿ ਵੀ ਮੌਜੂਦ ਹਨ। ਜਿਥੇ ਵੱਖ ਵੱਖ ਕਵੀਆਂ ਦੇ ਵੱਡੀ ਗਿਣਤੀ ਵਿਚ ਵੱਖੋ ਵੱਖਰੇ ਕਾਵਿ-ਸੰਗ੍ਰਹਿ ਉਪਲਬਧ ਹਨ ਉਥੇ ਚੋਣਵੇਂ ਸੰਗ੍ਰਹਿਆਂ ਰਾਹੀਂ ਵੀ ਪਰਵਾਸੀ ਪੰਜਾਬੀ ਕਵਿਤਾ ਦਾ ਇਕ ਸਮੱਗਰ ਬਿੰਬ ਉਭਰਦਾ ਹੈ। ਜ਼ਾਹਿਰ ਹੈ ਕਿ ਇਨ੍ਹਾਂ ਸੰਗ੍ਰਹਿਆਂ ਰਾਹੀਂ ਇਕੋ ਹੀ ਪੁਸਤਕ ਵਿਚ ਸਮੁੱਚੇ ਪਰਵਾਸੀ ਪੰਜਾਬੀ ਕਾਵਿ ਦੀ ਝਲਕ ਵੀ ਮਿਲ ਸਕਦੀ ਹੈ ਅਤੇ ਉਸ ਦੇ ਵੱਖ ਵੱਖ ਸਰੋਕਾਰਾਂ ਦਾ ਵੀ ਅਧਿਐਨ ਕੀਤਾ ਜਾ ਸਕਦਾ ਹੈ। ਇਨ੍ਹਾਂ ਦੇ ਅਧਿਐਨ ਰਾਹੀਂ ਵੱਖ ਵੱਖ ਕਵੀਆਂ ਵਲੋਂ ਵਰਤੇ ਗਏ ਕਾਵਿ-ਤੱਤਾਂ ਦੀ ਵਿਭਿੰਨਤਾ ਵੀ ਪਰਵਾਸੀ ਪੰਜਾਬੀ ਕਵਿਤਾ ਦਾ ਇਕ ਬੱਝਵਾਂ ਦ੍ਰਿਸ਼ ਪ੍ਰਸਤੁਤ ਕਰਦੀ ਹੈ।

ਉਪਰੋਕਤ ਪਿਛੋਕੜ ਵਿਚ ਡਾ. ਹਰਚੰਦ ਸਿੰਘ ਬੇਦੀ ਦੁਆਰਾ ਸੰਪਾਦਿਤ ਅਤੇ 2010 ਵਿਚ ਪ੍ਰਕਾਸ਼ਿਤ ਕਵਿਤਾ ਦਾ ਸੰਗ੍ਰਹਿ 'ਦੇਸ ਹੋਇਆ ਪਰਦੇਸ' (ਚੋਣਵੀਂ ਪਰਵਾਸੀ ਕਵਿਤਾ) ਵਿਸ਼ੇਸ਼ ਤੌਰ ਤੇ ਵਿਚਾਰਨਯੋਗ ਹੈ ਕਿਉਂਕਿ ਇਹ ਸੰਗ੍ਰਹਿ ਨਾ ਕੇਵਲ 12 ਦੇਸ਼ਾਂ ਕ੍ਰਮਵਾਰ (ਬਰਤਾਨੀਆ, ਨੀਦਰਲੈਂਡ, ਆਸਟ੍ਰੇਲੀਆ, ਸਵੀਡਨ, ਡੈੱਨਮਾਰਕ, ਕੁਵੈਤ, ਇਟਲੀ, ਜਾਪਾਨ, ਸਵਿਟਜ਼ਰਲੈਂਡ, ਕੀਨੀਆ, ਅਮਰੀਕਾ, ਕੈਨੇਡਾ) ਦੀ ਪਰਵਾਸੀ ਪੰਜਾਬੀ ਕਵਿਤਾ ਦੀ ਪ੍ਰਤੀਨਿਧਤਾ ਕਰਦਾ ਹੈ ਬਲਕਿ ਇਕੋ ਵੇਲੇ 31 ਕਵੀਆਂ (ਅਮਰਜੀਤ ਚੰਦਨ, ਅਵਤਾਰ ਜੰਡਿਆਲਵੀ, ਜਗਤਾਰ ਢਾਅ, ਬਲਦੇਵ ਬਾਵਾ, ਦਲਵੀਰ ਕੌਰ, ਭੁਪਿੰਦਰ ਪੁਰੇਵਾਲ, ਮਹਿੰਦਰ ਗਿੱਲ, ਅਮਰ ਜਿਉਤੀ, ਅਜੀਤ ਰਾਹੀ, ਸਤੀ ਕੁਮਾਰ, ਸੋਹਨ ਕਾਦਰੀ, ਸਵਰਨ ਸਿੰਘ ਪਰਵਾਨਾ, ਜਸਬੀਰ ਸਿੰਘ ਧੀਮਾਨ, ਵਿਸ਼ਾਲ, ਪਰਮਿੰਦਰ ਸੋਢੀ, ਦੇਵ, ਅਜਾਇਬ ਕਮਲ, ਸੁਖਵਿੰਦਰ ਕੰਬੋਜ਼, ਗੁਰੂਮੇਲ, ਰਵਿੰਦਰ ਸਹਿਰਾਅ, ਸ਼ਸ਼ੀ ਸਮੁੰਦਰਾ, ਅਜਮੇਰ ਰੋਡੇ, ਇਕਬਾਲ ਰਾਮੂਵਾਲੀਆ, ਸੁਖਪਾਲ, ਸੁਖਿੰਦਰ, ਸਾਧੂ, ਸੁਰਜੀਤ ਕਲਸੀ, ਗੁਰਚਰਨ ਰਾਮਪੁਰੀ, ਦਰਸ਼ਨ ਗਿੱਲ, ਮੰਗਾ ਬਾਸੀ, ਰਵਿੰਦਰ ਰਵੀ) ਦੇ ਕਾਵਿ-ਰੰਗ ਦਾ ਪ੍ਰਮਾਣ ਵੀ ਦਿੰਦਾ ਹੈ। ਇਨ੍ਹਾਂ ਕਵੀਆਂ ਦੀ ਗਿਣਤੀ ਸਬੰਧਤ ਦੇਸ਼ਾਂ ਵਿਚ ਰਚੀ ਗਈ 'ਪਰਵਾਸੀ ਪੰਜਾਬੀ ਕਵਿਤਾ' ਦੀ ਨਿਮਨ ਅਨੁਸਾਰ ਪ੍ਰਤੀਨਿਧਤਾ ਕਰਦੀ ਹੈ :

ਬਰਤਾਨੀਆ ਅਮਰਜੀਤ ਚੰਦਨ, ਅਵਤਾਰ ਜੰਡਿਆਲਵੀ, ਜਗਤਾਰ ਢਾਅ, ਬਲਦੇਵ ਬਾਵਾ, ਦਲਵੀਰ ਕੌਰ, ਭੁਪਿੰਦਰ ਪੁਰੇਵਾਲ, ਮਹਿੰਦਰ ਗਿੱਲ

ਨੀਦਰਲੈਂਡ ਅਮਰ ਜਿਉਤੀ

ਆਸਟ੍ਰੇਲੀਆ ਅਜੀਤ ਰਾਹੀ

ਸਵੀਡਨ ਸਤੀ ਕੁਮਾਰ

ਡੈੱਨਮਾਰਕ ਸੋਹਨ ਕਾਦਰੀ, ਸਵਰਨ ਸਿੰਘ ਪਰਵਾਨਾ

ਕੁਵੈਤ ਜਸਬੀਰ ਸਿੰਘ ਧੀਮਾਨ

ਇਟਲੀ ਵਿਸ਼ਾਲ

ਜਾਪਾਨ ਪਰਮਿੰਦਰ ਸੋਢੀ

ਸਵਿਟਜ਼ਰਲੈਂਡ ਦੇਵ

ਕੀਨੀਆ ਅਜਾਇਬ ਕਮਲ

ਅਮਰੀਕਾ ਸੁਖਵਿੰਦਰ ਕੰਬੋਜ, ਗੁਰੂਮੇਲ, ਰਵਿੰਦਰ ਸਹਿਰਾਅ, ਸ਼ਸ਼ੀ ਸਮੁੰਦਰਾ

ਕੈਨੇਡਾ ਅਜਮੇਰ ਰੋਡੇ, ਇਕਬਾਲ ਰਾਮੂਵਾਲੀਆ, ਸੁਖਪਾਲ, ਸੁਖਿੰਦਰ, ਸਾਧੂ, ਸੁਰਜੀਤ ਕਲਸੀ, ਗੁਰਚਰਨ ਰਾਮਪੁਰੀ, ਦਰਸ਼ਨ ਗਿੱਲ, ਮੰਗਾ ਬਾਸੀ, ਰਵਿੰਦਰ ਰਵੀ

ਇਸ ਪ੍ਰਕਾਰ ਡਾ. ਹਰਚੰਦ ਸਿੰਘ ਬੇਦੀ ਨੇ ਪ੍ਰਸਤੁਤ ਕਾਵਿ-ਸੰਗ੍ਰਹਿ 'ਦੇਸ ਹੋਇਆ ਪਰਦੇਸ' ਵਿਚ ਇਨ੍ਹਾਂ 31 ਕਵੀਆਂ ਦੀਆਂ ਕੁੱਲ 76 ਕਾਵਿ-ਰਚਨਾਵਾਂ ਰਾਹੀਂ ਇਨ੍ਹਾਂ ਕਵੀਆਂ ਦੇ ਵੱਖ ਵੱਖ ਦੇਸ਼ਾਂ ਦੇ ਅਨੁਭਵਾਂ, ਆਪੋ ਆਪਣੀ

ਸੰਵੇਦਨਾ ਅਤੇ ਆਪੋ ਆਪਣੇ ਪਿਛੋਕੜ ਦੇ ਪ੍ਰਤੀਕਰਮਾਂ ਨੂੰ ਸਮਾਹਿਤ ਕੀਤਾ ਹੈ। ਇਸ ਦ੍ਰਿਸ਼ਟੀ ਤੋਂ ਪ੍ਰਸਤੁਤ 'ਪਾਠ ਦੂਜਾ' ਰਾਹੀਂ 'ਦੇਸ ਹੋਇਆ ਪਰਦੇਸ' ਦੇ ਵਿਸ਼ਾ-ਵਸਤੂ ਦੇ ਅਧਿਐਨ ਰਾਹੀਂ ਇਨ੍ਹਾਂ ਕਾਵਿ-ਰਚਨਾਵਾਂ ਦਾ ਨਿਕਟ ਅਧਿਐਨ ਕੀਤਾ ਜਾਵੇਗਾ ਜਿਸ ਅਧੀਨ ਵੱਖ ਵੱਖ ਕਵੀਆਂ ਦੇ ਕਾਵਿ-ਵਸਤੂ ਨੂੰ ਬੱਝਵੇਂ ਤੌਰ ਤੇ ਵਾਚਦਿਆਂ ਉਨ੍ਹਾਂ ਵਿਸ਼ਿਆਂ ਨੂੰ ਇੰਗਿਤ ਕੀਤਾ ਜਾਵੇਗਾ ਜਿਹੜੇ ਇਸ ਸੰਗ੍ਰਹਿ ਰਾਹੀਂ ਉਭਰੇ ਹਨ।

ਇਸ ਪ੍ਰਸੰਗ ਵਿਚ ਸਮੁੱਚੀ ਪੰਜਾਬੀ ਪਰਵਾਸੀ ਕਵਿਤਾ ਦਾ ਪ੍ਰਮੁਖ ਕਾਵਿ-ਸਰੋਕਾਰ ਨਿਰਵਿਵਾਦ ਰੂਪ ਵਿਚ 'ਪਰਵਾਸ' ਹੈ ਜੋ ਇਨ੍ਹਾਂ ਸਾਰੀਆਂ ਕਵਿਤਾਵਾਂ ਵਿਚ ਕਿਸੇ ਨਾ ਕਿਸੇ ਤਰ੍ਹਾਂ ਵਿਸ਼ਾ-ਵਸਤੂ ਬਣ ਕੇ ਉਘੜਦਾ ਹੈ। ਕਿਤੇ ਇਹ ਪਰਵਾਸ ਅਪਰੋਖ ਰੂਪ ਵਿਚ ਹੈ ਤੇ ਕਿਤੇ ਪਰੋਖ ਰੂਪ ਵਿਚ ਹੈ। ਇਸ ਪਰਵਾਸ ਦੀਆਂ ਕਈ ਪਰਤਾਂ ਹਨ ਜਿਨ੍ਹਾਂ ਵਿਚ ਸਭ ਤੋਂ ਵੱਡੀ ਪਰਤ ਪਰਵਾਸੀ ਹੋਣ ਦਾ 'ਦਰਦ' ਹੈ ਜਿਹੜਾ ਇਕ ਤੋਂ ਵਧੇਰੇ ਕਵਿਤਾਵਾਂ ਦੇ ਆਰ ਪਾਰ ਫੈਲਿਆ ਹੋਇਆ ਹੈ ਅਤੇ ਜਿਨ੍ਹਾਂ ਕਵਿਤਾਵਾਂ ਵਿਚ ਨਹੀਂ ਵੀ ਫੈਲਿਆ ਹੋਇਆ ਨਜ਼ਰ ਆਉਂਦਾ, ਉਨ੍ਹਾਂ ਦੀਆਂ ਵੀ ਜੜ੍ਹਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਪਿਆ ਹੈ। ਸਿੱਟੇ ਵਜੋਂ ਇਕ ਪਾਸੇ 'ਦੇਸ ਦੀ ਖਿੱਚ' ਹੈ ਪਰ ਦੂਜੇ ਪਾਸੇ 'ਦੇਸ ਅੰਦਰ ਉੱਗੇ ਪਰਦੇਸ' ਦਾ ਝੋਰਾ ਹੈ ਜਿਸ ਨੂੰ ਅਮਰਜੀਤ ਚੰਦਨ ਦੀ ਕਵਿਤਾ 'ਕਲਾਮ ਵਲਾਇਤੀ ਮੁੰਡੇ ਦਾ ਆਪਣੇ ਬਾਪ ਨਾਲ' ਕਵਿਤਾ ਰਾਹੀਂ ਸਮਝਿਆ ਜਾ ਸਕਦਾ ਹੈ :

ਮਨ ਦੇ ਓ ਪਰਦੇਸੀਓ
ਸਭ ਦੇਸ ਪਰਾਏ
ਨਦੀ ਪਹਾੜੋਂ ਉਤਰੇ
ਨਾ ਮੁੜ ਕੇ ਆਏ
ਉਹ ਤਾਂ ਛੱਲਾਂ ਮਾਰਦੀ
ਵੱਲ ਸਾਗਰ ਧਾਏ
ਤੁਸੀਂ ਕੀ ਅਣਹੋਣੀ ਕਰਦੇ
ਨਦੀਆਂ ਬੰਨ੍ਹ ਕੇ
ਦਿਲ ਦੇ ਖੂਹ ਨੂੰ ਭਰਦੇ
ਲੋਕ ਹੁੰਦੇ ਸਨ ਆਖਦੇ
ਕਿ ਮੁੜ ਕੇ ਕਦੇ ਨਾ ਆਂਵਦੇ
ਪੰਛੀ ਤੇ ਪਰਦੇਸੀ

ਲੇਕਿਨ ਪਰਵਾਸੀ ਦੀ ਸਮੱਸਿਆ ਕੇਵਲ ਮਨ-ਪਰਦੇਸੀ ਹੋਣ ਦੀ ਹੀ ਨਹੀਂ ਬਲਕਿ ਇਹ ਵੀ ਹੈ ਕਿ ਹੁਣ ਉਸ ਲਈ ਦੇਸ ਉਜਾੜ ਹੋ ਚੁੱਕਾ ਹੈ :

ਕਿਹੋ ਜਿਹੇ ਤੁਸੀਂ ਪੰਛੀ

ਕਿਹੋ ਜਿਹੇ ਪਰਦੇਸੀ
ਉੱਡ ਉੱਡ ਕੇ ਨੇ ਜਾਂਵਦੇ, ਜੋ ਆਪਣੇ ਦੇਸੀਂ
ਦੇਸ ਤਾਂ ਯਾਰੋ ਐਸਾ ਵਣ ਹੈ
ਨਾ ਕੋਈ ਰੁੱਖ ਤੇ ਨਾ ਕੋਈ ਪੰਛੀ
ਨਾ ਕੋਈ ਅੱਖ ਸੇਜਲ ਹੈ।

ਇਸ ਸਥਿਤੀ ਵਿਚ ਪਰਵਾਸੀ ਦੀ ਦੁਬਿਧਾ 'ਲੋਕ ਕਹਾਣੀ' ਦੀ ਪਿੰਜਰੇ ਵਿਚ ਕੈਦ ਉਸ ਪਰੀ ਵਰਗੀ ਹੈ ਜਿਸ ਦਾ ਆਰੰਭ ਅਚਾਨਕ ਮਿਲੀ ਕਿਸੇ ਖੁਸ਼ੀ ਦਾ ਪ੍ਰਤੀਉੱਤਰ 'ਪਹਿਲਾਂ ਪਰੀ ਹੱਸੀ ਤੇ ਫੇਰ ਪਰੀ ਰੋਈ' ਦੇ ਵਾਕ ਅਨੁਸਾਰ ਹੁੰਦਾ ਹੈ :

ਇਕ ਦਿਲ ਆਖਦਾ, ਕਿ ਸਭ ਕੁਝ ਬੇਗਾਨਾ ਹੈ
ਦੂਜਾ ਦਿਲ ਆਖਦਾ, ਕਿ ਸਭੋ ਕੁਝ ਆਪਣਾ ਹੈ

ਪਰਵਾਸ ਵਿਚ ਰਹਿੰਦਿਆਂ ਪਹਿਲਾਂ ਆਪਣੀਆਂ ਜੜ੍ਹਾਂ ਤੋਂ ਵਿਛੁੰਨੇ ਜਾਣਾ ਅਤੇ ਫੇਰ ਆਪਣੇ ਆਪ ਤੋਂ ਵਿਛੁੰਨੇ ਜਾਣਾ ਹੀ ਪਰਵਾਸੀ ਕਾਵਿ ਦੇ ਵਿਸ਼ਾ-ਵਸਤੂ ਦਾ ਮੂਲ ਆਧਾਰ ਹੈ। ਇਸ ਪਖੋਂ ਇਸ ਸੰਗ੍ਰਹਿ ਵਿਚ ਸ਼ਾਮਲ, ਕਿਸੇ ਸਮੇਂ ਨਕਸਲਵਾਦੀ ਲਹਿਰ ਵਿਚੋਂ ਉਭਰੇ ਪਾਸ਼, ਲਾਲ ਸਿੰਘ ਦਿਲ, ਸੰਤ ਸੰਧੂ, ਦਰਸ਼ਨ ਖਟਕੜ ਆਦਿ ਦੇ ਸਮਕਾਲੀ ਰਹੇ ਅਮਰਜੀਤ ਚੰਦਨ ਦੀਆਂ ਕਾਵਿ-ਸਤਰਾਂ ਵੇਖੀਆਂ ਜਾ ਸਕਦੀਆਂ ਹਨ :

ਕੇਸੀ ਧਰਤ ਸਰਾਪੀ
ਜਿਥੇ ਮਾਵਾਂ ਪੁੱਤਾਂ ਖ਼ਾਤਰ ਪਰਦੇਸਾਂ ਦੇ ਦੁੱਖ ਸੁੱਖਣ
ਕੈਸੀ ਧਰਤ ਸਰਾਪੀ
ਜਿਥੇ ਮਾਪੇ ਹੱਥੀਂ ਤੋਰ ਕੇ ਆਉਂਦੇ
ਅੰਦਰ ਵੜ ਕੇ ਰੋਂਦੇ
ਇਕ ਦਿਨ ਐਸਾ ਆਉਂਦਾ
ਬੂਹਿਆਂ ਨੂੰ ਲਗ ਜਾਂਦੇ ਨੇ ਜੰਦਰੇ

ਇਸ ਪਖੋਂ ਨਾ ਕੇਵਲ ਅਮਰਜੀਤ ਚੰਦਨ ਬਲਕਿ ਲਗਭਗ ਹਰ ਕਵੀ ਨੇ ਹੀ ਇਸ 'ਦਰਦ' ਨੂੰ ਆਪਣੇ ਆਪਣੇ ਮੁਹਾਵਰੇ ਵਿਚ ਪੇਸ਼ ਕੀਤਾ ਹੈ ਜਿਨ੍ਹਾਂ ਵਿਚੋਂ ਨਾਰੀ ਕਾਵਿ ਦੀ ਪ੍ਰਤੀਨਿਧ ਦਲਵੀਰ ਕੌਰ ਇਸ ਸਥਿਤੀ ਨੂੰ ਇਸ ਤਰ੍ਹਾਂ ਪੇਸ਼ ਕਰਦੀ ਹੈ ਜਿਸ ਵਿਚ ਇਕ ਪਾਸੇ ਵੀਜ਼ਾ ਆਉਣ ਤੇ ਆਪਣੇ ਦੇਸ਼ ਨੂੰ ਛੱਡਣ ਦਾ ਚਾਅ ਵਿਆਹ ਵਰਗਾ ਚਾਅ ਹੈ:

ਸਾਰੇ ਟੱਬਰ ਦਾ ਵੀਜ਼ਾ ਆ ਗਿਆ
ਘਰ ਵਿਚ ਚਹਿਲ-ਪਹਿਲ ਨਾਲੋਂ
ਭੱਜ-ਦੌੜ ਪਹਿਲਾਂ ਨਾਲੋਂ ਜ਼ਿਆਦਾ ਸੀ

ਅਚਾਨਕ ਹੀ ਸਭ ਦੇ ਪਾਸ
ਆਰਾਮ ਨਾਲ ਬੈਠਣ ਲਈ
ਕੋਈ ਵਕਤ ਨਾ ਰਿਹਾ
ਸੌ ਵਾਰ ਸੋਚ ਕੇ
ਪੈਸਾ ਧੇਲਾ ਵਰਤਣ ਵਾਲਾ ਟੱਬਰ
ਧੜਾ-ਧੜ ਖ਼ਰੀਦਦਾਰੀ ਕਰ ਰਿਹਾ ਸੀ

ਲੇਕਿਨ ਦੂਜੇ ਪਾਸੇ ਇਸ ਦਰਦ ਵਿਚ ਲੁਕਿਆ ਦਰਦ ਇਹ ਵੀ ਹੈ ਕਿ ਇਸੇ ਉਜੜਨ ਨੂੰ ਸੈਲੀਬਰੇਟ ਕੀਤਾ ਜਾ ਰਿਹਾ ਹੈ :

ਇਤਨੇ ਨੂੰ ਬਾਹਰੋਂ ਆਵਾਜ਼ ਆਈ
ਵੇ ਕਰਮਾਂ ਵਾਲਿਉ ਵਲੈਤੀਉ
ਰੱਬ ਦੀ ਸਹੁੰ, ਬੜੀ ਵੱਡੀ ਖ਼ੁਸ਼ਖ਼ਬਰੀ ਏ
ਪੁੱਛਾਂ ਦੇਣ ਵਾਲੇ ਅੰਬੀ ਬਾਬੇ ਨੇ
ਆਉਣ ਵਾਲਾ ਸਮਾਂ ਚੰਗਾ ਦੱਸਦਿਆਂ
ਤੁਹਾਡੇ ਸਫ਼ਰ 'ਚ ਕਾਮਯਾਬੀ ਦੱਸਦਿਆਂ
ਤੁਹਾਡੇ ਘਰ ਦੀ
ਮੂੰਹ ਮੰਗੀ ਕੀਮਤ ਦੇਣੀ ਮੰਨ ਲਈ ਏ।

ਕਿਸੇ ਸਮੇਂ ਪਰਵਾਸੀ ਹੋਣ ਤੋਂ ਬਾਅਦ ਆਪਣਾ ਪਿੰਡ ਛੱਡਣਾ 'ਦੁਖਦਾਈ' ਹੁੰਦਾ ਹੈ ਜੋ ਅੱਜ 'ਚਾਅ' ਵਿਚ ਬਦਲ ਗਿਆ ਹੈ ਅਤੇ ਜੇ ਵਸਤੂ-ਸਥਿਤੀ ਦੇਖੀ ਜਾਵੇ ਤਾਂ ਅੱਜ ਪੰਜਾਬ ਵਿਚ ਹਰ ਦੂਜੇ ਘਰ ਦਾ ਵਿਅਕਤੀ ਚਾਵਾਂ ਤੇ ਮਲ੍ਹਾਰਾਂ ਨਾਲ ਪਰਦੇਸਾਂ ਵੱਲ ਧਾਹ ਰਿਹਾ ਹੈ ਅਤੇ ਪੰਜਾਬ ਦੀ ਸੋਨੇ ਵਰਗੀ ਜਵਾਨੀ ਆਪਣੇ ਦੇਸ਼ ਦੀ ਥਾਂ ਬਾਹਰਲੇ ਦੇਸ਼ਾਂ ਵਿਚ ਆਪਣਾ ਪਸੀਨਾ ਵਹਾਉਣ ਦੀ ਮਸ਼ਕ ਕਰ ਰਹੀ ਹੈ। ਲੇਕਿਨ ਇਨ੍ਹਾਂ ਪਰਵਾਸੀਆਂ ਨੂੰ ਇਕ ਸਥਿਤੀ ਤੇ ਜਾ ਕੇ ਜਦੋਂ ਦਰਦ ਹੰਢਾਉਣ ਦੇ ਨਾਲ ਨਾਲ ਆਪਣੀ ਮਿੱਟੀ ਤੋਂ ਵਿਛੁੰਨੇ ਜਾਣ ਦੀ ਪੀੜ ਸਹਿਣੀ ਪੈਂਦੀ ਹੈ ਤਾਂ ਉਹ ਹੋਰ ਵੀ ਦੁਖਦਾਈ ਹੋ ਜਾਂਦੀ ਹੈ। ਇਸ ਪਖੋਂ ਅਜੀਤ ਰਾਹੀ ਦੀਆਂ ਕਾਵਿ-ਸਤਰਾਂ ਵੇਖੀਆਂ ਜਾ ਸਕਦੀਆਂ ਹਨ :

ਮਾਂ ! ਤੇਰਾ ਇਹ ਪਰਵਾਸੀ ਪੁੱਤਰ
ਪਰਵਾਸੀ ਪੁੱਤਰ ਵਾਂਗ
ਆਪਣੇ ਪਿੰਡ ਦਾ ਪਤਾ ਪੁੱਛਦਾ
ਅੱਜ ਜਦ ਮੈਂ ਆਪਣੇ ਪਿੰਡ ਵੱਲ ਤੁਰਿਆ ਹਾਂ
ਤਾਂ ਮੈਨੂੰ ਆਪਣਾ ਪਿੰਡ ਨਹੀਂ ਲੱਭਾ

ਦੂਜੇ ਪਾਸੇ ਇਸ ਸਥਿਤੀ ਦਾ ਇਕ ਸਮਾਂਨਾਤਰ ਪਹਿਲੂ ਇਹ ਵੀ ਹੈ ਕਿ 'ਸਵਰਗ ਜਾਪਦੇ' ਪਰਵਾਸ ਦੇ ਨਰਕ ਨੂੰ ਹੰਢਾਉਂਦਿਆਂ ਹੋਇਆ ਆਪਣੀ ਧਰਤੀ ਦਾ ਸਵਰਗ ਵੀ ਚੇਤੇ ਆਉਂਦਾ ਹੈ ਜਿਸ ਨੂੰ ਸਾਧੂ ਇਸ ਪ੍ਰਕਾਰ ਪੇਸ਼ ਕਰਦਾ ਹੈ :

ਇਸ 'ਸਵਰਗ' ਵਿਚ
ਹਰ ਕੋਈ ਆਪਣਾ ਨਰਕ ਹੰਢਾਉਂਦਾ ਹੈ
ਉਸ 'ਨਰਕ' ਵਿਚੋਂ
ਹਰ ਕਿਸੇ ਨੂੰ ਆਪਣਾ ਸਵਰਗ ਯਾਦ ਆਉਂਦਾ ਹੈ

ਸਾਧੂ ਜਿਹਾ ਪ੍ਰਗਤੀਸ਼ੀਲ ਕਵੀ ਉਪਰੋਕਤ ਸਥਿਤੀ ਵਿਚਲੇ ਪਰਵਾਸ ਦੇ ਦਰਦ ਨੂੰ ਨਿੱਜ ਤੋਂ ਪਰ ਤਕ ਫੈਲਾ ਕੇ ਵੀ ਵੇਖਦਾ ਹੈ :

ਅਸੀਂ ਕਾਮਾਗਾਟਾ ਮਾਰੂ ਤੋਂ ਪਹਿਲਾਂ
ਤੇ ਪਿਛੋਂ ਦਾ ਇਤਿਹਾਸ ਜਾਣ ਬੁਝ ਕੇ ਭੁਲਾ ਦਿੱਤਾ
ਇਸ ਗੱਲ ਦੀ ਵੀ ਅਸੀਂ ਪਰਵਾਹ ਨਾ ਕੀਤੀ
ਕਿ ਅਮਰੀਕਾ ਵਿਚ ਕਾਲਿਆਂ ਨਾਲ
ਕੁਝ ਇਹੋ ਜਿਹਾ ਹੀ ਹੁੰਦਾ ਹੈ
ਮੈਕਸੀਕਨਾਂ ਨੂੰ ਗ਼ੈਰ-ਕਾਨੂੰਨੀ ਹੋਣ ਕਰਕੇ
ਫਾਰਮਰ ਕਿੰਝ ਤੇ ਕਿਉਂ ਵਰਤਦੇ ਹਨ
ਅਮਰੀਕਾ ਕੈਨੇਡਾ ਤੇ ਅਸਲੀ ਮਾਲਕ
ਸ਼ਰਾਬ ਰਾਹੀਂ ਹੀ ਕਿਉਂ
ਖੁਦਕੁਸ਼ੀ ਦਾ ਰਾਹ ਅਪਣਾਉਂਦੇ ਹਨ
ਅਫ਼ਰੀਕਾ ਵਿਚ ਵਿਦੇਸ਼ੀ ਹਮਲਾਵਰ ਨੇ
ਨਸਲਵਾਦੀ ਅੱਗ ਕਿਉਂ ਹੁਣ ਤਕ ਬਾਲ ਰੱਖੀ ਹੈ

ਹੋਰ ਤਾਂ ਹੋਰ ਸਾਧੂ ਵਿਦੇਸ਼ਾਂ ਵਿਚਲੇ ਪਰਵਾਸੀ ਦਰਦ ਨੂੰ 'ਦੇਸ ਹੋਇਆ ਪਰਦੇਸ' ਦੇ ਰੂਪ ਵਿਚ ਵੀ ਪਛਾਣਦਾ ਹੈ ਜਿਥੇ ਭਾਰਤ ਦੇ ਇਕ ਸੂਬੇ ਪੰਜਾਬ ਵਿਚ ਭਾਰਤ ਦੇ ਹੀ ਕਿਸੇ ਹੋਰ ਸੂਬੇ ਭਾਵ ਯੂ.ਪੀ., ਬਿਹਾਰ ਵਿਚੋਂ ਆਏ ਭਾਰਤੀ ਸ਼ਹਿਰੀ ਉਹੀ ਦਰਦ ਹੰਢਾਉਂਦੇ ਹਨ ਜੋ ਸਾਡੇ ਪਰਵਾਸੀ ਵਿਦੇਸ਼ਾਂ ਵਿਚ ਹੰਢਾਉਂਦੇ ਹਨ :

ਜੇ ਜ਼ਰਾ ਵੀਡੀਓ ਤੋਂ
'ਮੁਕੱਦਰ ਦਾ ਸਕੰਦਰ' ਦੋ ਪਲ ਲਈ ਅਟਕਾਵੋ
ਤਾਂ ਆਓ ਇਸ ਬਾਰੇ ਸੋਚੀਏ

ਤੇ ਦੇਖੀਏ ਕਿਤੇ ਪੂਰਬੀਆਂ ਦਾ ਰਾਤ ਭਰ ਭਜਨ ਗਾਉਣਾ
ਸਾਡਾ ਗੁਰਦੁਆਰੇ 'ਤੇ ਗੁਰਦੁਆਰੇ ਬਣਾਈ ਜਾਣਾ
ਤੇ ਵੀਡੀਓ ਖਰੀਦੀ ਜਾਣਾ
ਇੰਡੀਅਨਾਂ (ਨੇਟਿਵ) ਦਾ ਸ਼ਰਾਬ 'ਚ ਮਸਤ ਰਹਿਣਾ
ਇਕੋ ਹੀ ਬਿਮਾਰੀ ਦਾ ਵੱਖੋ-ਵੱਖਰੇ ਲੱਛਣ ਤਾਂ ਨਹੀਂ

ਲੇਕਿਨ ਸਥਿਤੀ ਦਾ ਇਕ ਦੂਜਾ ਪਹਿਲੂ ਇਹ ਵੀ ਹੈ ਕਿ ਇਨ੍ਹਾਂ 12 ਕਵੀਆਂ ਵਿਚ ਦੇਵ ਜਿਹਾ ਉਹ ਵਿਲੱਖਣ ਕਵੀ ਵੀ ਹੈ ਜੋ ਜੜ੍ਹ-ਵਿਹੀਣ ਹੋਣ ਨੂੰ ਅਤੇ ਪਰਵਾਸੀ ਹੋਣ ਦੇ ਦਰਦ ਨੂੰ ਦਰਕਿਨਾਰ ਕਰਕੇ ਇਕ ਨਵਾਂ ਵਸਤੂ-ਸੰਸਾਰ ਸਿਰਜਦਾ ਹੈ :

ਪਰਵਾਸ ਨੇ ਮੇਰੇ ਅੱਖਰਾਂ ਨੂੰ ਖੋਰਿਆ ਨਹੀਂ
ਮੈਂ ਉਦਰੇਵਿਆਂ ਦੇ ਨ੍ਹੇਰਿਆਂ 'ਚ
ਹੌਕਿਆਂ ਦੀ ਨੀਂਦ ਨਹੀਂ ਸੌਂਦਾ

ਇੰਜ ਇਕ ਪਾਸੇ ਜੜ੍ਹ-ਵਿਹੀਣ ਹੋਣ ਦਾ ਦਰਦ ਪਿਆ ਹੈ ਜਿਸ ਦਾ ਪ੍ਰਮਾਣ ਭੁਪਿੰਦਰ ਪੁਰੇਵਾਲ ਦੀਆਂ ਸਤਰਾਂ ਹਨ :

ਇਕ ਦਿਲ ਆਖਦਾ, ਕਿ ਇਹੋ ਤੇਰਾ ਘਰ ਹੈ
ਦੂਜਾ ਦਿਲ ਆਖਦਾ, ਕਿ ਤੇਰਾ ਕੋਈ ਦੇਸ ਨਾ।

ਦੂਜੇ ਪਾਸੇ ਇਸੇ ਸਥਿਤੀ ਵਿਚ ਦੇਵ ਦੀਆਂ ਉਪਰੋਕਤ ਸਤਰਾਂ ਵੀ ਪਈਆਂ ਹਨ।

ਇਸ ਪ੍ਰਕਾਰ ਇਕ ਦੂਜੇ ਤੋਂ ਵਿਪਰੀਤ ਉਪਰੋਕਤ ਉਦਾਹਰਣਾਂ ਦੀ ਲੋਅ ਵਿਚ ਇਕ ਪਾਸੇ 'ਜੜ੍ਹਹੀਣ' ਹੋਣ ਦਾ ਦਰਦ ਅਤੇ ਦੂਜੇ ਪਾਸੇ 'ਉਦਰੇਵਿਆਂ ਤੋਂ ਪਾਰ' ਜਾਣ ਦਾ ਅਹਿਸਾਸ ਇਕ ਦੂਜੇ ਦਾ ਉਲਟ ਵਰਤਾਰਾ ਜਾਪਦੇ ਹਨ। ਪਰ ਇਸ ਸਭ ਦੇ ਬਾਵਜੂਦ 'ਦੇਸ ਹੋਇਆ ਪਰਦੇਸ' ਦੇ ਵਿਸ਼ਾ-ਵਸਤੂ ਦਾ ਅਧਿਐਨ ਕਰਦਿਆਂ ਪਰਵਾਸੀ ਸਰੋਕਾਰਾਂ ਦੀ ਵਿਭਿੰਨਤਾ ਅਤੇ ਬਹੁਵੰਨਤਾ ਸਪਸ਼ਟ ਰੂਪ ਵਿਚ ਸਾਹਮਣੇ ਆਉਂਦੀ ਹੈ ਜਿਸ ਵਿਚ ਆਵਾਸ ਤੇ ਪਰਵਾਸ ਦਾ ਤਨਾਅ ਵੀ ਸ਼ਾਮਿਲ ਹੈ:

ਇਕ ਪਾਸੇ ਤਾਂ ਜੀਅ ਕਰਦੈ ਮੁੜ ਜਾਵਾਂ
ਐਵੇਂ ਮੇਰਾ ਕੁਝ ਨਾ ਨਿਸਚਿਤ, ਨਾ ਪੱਕਾ ਸਿਰਨਾਵਾਂ
ਇਹ ਧਰਤੀ ਖਬਰੇ ਕਦ ਮੇਰੀ ਬਣਨੀ
ਬਣਨੀ ਕਿ ਨਾ ਬਣਨੀ

0

ਦੱਸ ਸਖੀ ਤੁਰ ਜਾਵਾਂ ਜਾਂ ਨਾ ਜਾਵਾਂ

ਪਰਤ ਆਪਣੇ ਦੇਸ
ਦੋ-ਚਿੱਤੀ ਵਿਚ ਚਿੱਤ ਨਾ ਲਗਦਾ
ਦੋ-ਚਿੱਤੀਆਂ ਪਰਦੇਸ
ਕਿੰਨੇ ਕੁ ਚਾਅ ਏਥੇ ਕਰ ਲੈ ਪੂਰੇ
ਕਿੰਨੇ ਕੁ ਦਿੱਤੇ ਅਸੀਂ ਮੇਸ

(ਅਜਮੇਰ ਰੋਡੇ)

ਇਸ ਪ੍ਰਸੰਗ ਵਿਚ ਪਰਵਾਸੀ ਸਰੋਕਾਰਾਂ ਦੇ ਅੰਤਰਗਤ 'ਬੇਵਤਨੇ ਹੋਣ ਦਾ ਅਹਿਸਾਸ' ਵੀ ਉਭਰ ਕੇ ਸਾਹਮਣੇ ਆਉਂਦਾ ਹੈ ਜਿਹੜਾ ਇਕ ਤੋਂ ਵਧੇਰੇ ਕਵੀਆਂ ਦੀ ਕਵਿਤਾ ਵਿਚ ਸ਼ਾਮਿਲ ਹੈ। ਉਦਾਹਰਣ ਵਜੋਂ ਭੁਪਿੰਦਰ ਪੁਰੇਵਾਲ ਦੀ ਕਵਿਤਾ ਦਾ ਰੰਗ ਵੇਖਿਆ ਜਾ ਸਕਦਾ ਹੈ :

ਬੇਗਾਨੇ ਮੁਲਕ ਵਿਚ ਰਹਿਣਾ
ਬੇਗਾਨੀਆਂ ਤੇ ਕਮੀਨਗੀਆਂ ਭਰੀਆਂ
ਨਜ਼ਰਾਂ ਨੂੰ ਸਹਿਣਾ ਹੀ ਬੇਵਤਨੀ ਹੈ।

0

ਜ਼ੁਬਾਨ ਤੁਸੀਂ, ਖੋਲ੍ਹ ਨਹੀਂ ਸਕਦੇ
ਉੱਚੀ ਤੁਸੀਂ, ਬੋਲ ਨਹੀਂ ਸਕਦੇ
ਗਲੀਆਂ 'ਚ ਤੁਸੀਂ, ਨੱਚ ਨਹੀਂ ਸਕਦੇ
ਉੱਚੀ ਸਾਰੀ, ਹੱਸ ਨਹੀਂ ਸਕਦੇ
ਠਹਾਕਿਆਂ ਦਾ ਅਰਥ
ਅਸੀਂ ਹੀ ਭੁੱਲ ਗਏ ਹਾਂ
ਸਾਡੇ ਬੱਚੇ ਕੀ ਯਾਦ ਰੱਖਣਗੇ

ਉਪਰੋਕਤ ਸਥਿਤੀਆਂ ਵਿਚ ਸਭ ਤੋਂ ਵੱਧ ਕਸ਼ਟਦਾਇਕ ਉਹ 'ਨਸਲਵਾਦ' ਹੈ ਜਿਸ ਅਧੀਨ ਹਰ ਪਲ, ਹਰ ਛਿਣ 'ਰੰਗ ਭੇਦ' ਦਾ ਫਨ ਡੰਗ ਮਾਰਦਾ ਹੈ :

ਤੇਰੇ ਮੇਰੇ ਵਿਚਾਲੇ ਕਈ ਸਮੁੰਦਰ
ਵੱਖੋ-ਵੱਖ ਰੰਗਾਂ ਦੀ ਮਿੱਟੀ
ਤੇ ਅੰਬਰ ਛੂੰਹਦੇ ਪਹਾੜ ਅਨੇਕਾਂ
ਇਥੇ ਤਾਂ ਪੌਣਾਂ ਦੇ ਹੱਥ ਸੁਨੇਹੇ ਆਉਂਦੇ
ਫਰ ਫਰ ਕਰਦੇ ਲੰਘ ਜਾਂਦੇ

ਤੇਰਾ ਦੁੱਖ ਮੈਂ ਕਿਵੇਂ ਜਾਣਾਂ
ਕਿਵੇਂ ਜਾਣਾਂ ਕਿ ਸਾਰਾ ਦਿਨ ਕਤਾਰ 'ਚ ਖੜ ਕੇ
ਤੂੰ ਰਾਸ਼ਨ ਤੋਂ ਖ਼ਾਲੀ ਘਰ ਨੂੰ ਮੁੜਿਆ
ਜਾਂ ਕੱਲ੍ਹ ਤੈਨੂੰ ਤੇਰੀ ਹਰੀ ਭਰੀ ਪੈਲੀ ਵਿਚੋਂ
ਵਾਂਗ ਪ੍ਰਦੇਸੀ ਧੌਲ ਧੱਫੇ ਮਾਰ ਕੇ ਕੱਢਿਆ
ਹੋਰ ਵੀ ਨੇ ਦੁੱਖ ਅਨੇਕਾਂ
ਜਾਂ, ਤੂੰ ਕੀ ਜਾਣ ਸਕੇਂਗਾ
ਮੈਂ ਕਾਲਾ
ਆਪਣੇ ਰੰਗ ’ਤੇ ਵੀ ਮਾਣ ਨਹੀਂ ਹੈ
ਮੇਰੇ ’ਚੋਂ ਮੇਰੀ ਮਿੱਟੀ ਦਾ ਰੰਗ
ਦੱਸ ਕਿਵੇਂ ਧੋ ਹੋਏਗਾ
ਮੇਰੇ ਯਾਰਾ ਹਮਦਰਦੀ ਤੋਂ ਬਿਨਾਂ
ਦੱਸ ਹੋਰ ਭਲਾ ਕੀ ਕਰ ਸਕਦੇ ਹਾਂ।

ਪਰਵਾਸੀ ਸਰੋਕਾਰਾਂ ਅਧੀਨ ਇਸ ਸਾਰੀ ਸਥਿਤੀ ਵਿਚੋਂ ਹੀ ਭੂਹੇਰਵਾ (Nostalgia) ਇਕ ਅਹਿਮ ਵਿਸ਼ਾ ਬਣ ਕੇ ਸਾਹਮਣੇ ਆਉਂਦਾ ਹੈ :

ਪੰਜਾਬ ! ਕੁਝ ਸਾਲ ਪਹਿਲਾਂ
ਤੇਰੀ ਜ਼ਿਮੀਂ ’ਤੇ ਪੈਰ ਧਰਦਿਆਂ
ਮੈਂ ਰੋ ਪੈਂਦੀ ਸਾਂ ਇਕ ਚਾਅ ਨਾਲ
ਕੀ ਚੁੱਭ ਗਿਐ ਹੁਣ
ਮੇਰੇ ਚਾਵਾਂ ਦਿਆਂ ਨੈਣਾਂ 'ਚ ?

ਉਪਰੋਕਤ ਨੁਕਤਿਆਂ ਦੀ ਲੋਅ ਵਿਚ ਦਿੱਤੇ ਗਏ ਕਾਵਿ-ਹਵਾਲਿਆਂ ਤੋਂ ਇਹ ਤਾਂ ਸਪਸ਼ਟ ਹੀ ਹੋ ਚੁੱਕਾ ਹੈ ਕਿ ਇਨ੍ਹਾਂ ਕਵੀਆਂ ਦਾ ਕੇਂਦਰੀ ਸਰੋਕਾਰ ‘ਪਰਵਾਸ’ ਹੈ ਜਿਸ ਦੇ ਦੁਆਲੇ ‘ਪਰਦੇਸੀ ਹੋਣ ਦਾ ਦਰਦ’, ‘ਆਵਾਸ-ਪਰਵਾਸ ਦਾ ਤਨਾਅ’, ‘ਭੂਹੇਰਵਾ’, ‘ਬੇਵਤਨੇ ਹੋਣ ਦਾ ਅਹਿਸਾਸ’, ‘ਜੜ੍ਹਹੀਣ ਹੋਣ ਦਾ ਦਰਦ’ ਅਤੇ ‘ਰੰਗ ਭੇਦ ਦੀ ਚੀਸ’ ਅਹਿਮ ਵਿਸ਼ਾ ਬਣ ਕੇ ਸਾਹਮਣੇ ਆਉਂਦੇ ਹਨ। ਇਸ ਦਰਦ ਨੂੰ ਲਗਪਗ ਹਰ ਕਵੀ ਨੇ ਕਿਸੇ ਨਾ ਕਿਸੇ ਰੂਪ ਵਿਚ ਹੰਢਾਇਆ ਅਤੇ ਆਪਣੇ ਕਾਵਿ ਵਿਚ ਪ੍ਰਗਟਾਇਆ ਹੈ। ਇਸ ਲਈ ਜਦੋਂ ਅਸੀਂ ਪਰਵਾਸ ਦੇ ਦਰਦ ਦੀ ਗੱਲ ਕਰਦੇ ਹਾਂ ਤਾਂ ਇਕ ਪਾਸੇ ਆਪਣੇ ਦੇਸ਼ ਤੋਂ ਟੁੱਟ ਕੇ ਆਉਣਾ, ਦੂਜੇ ਪਾਸੇ ਪਰਵਾਸੀ ਦੇਸ਼ ਵਿਚ ਰਹਿੰਦਿਆਂ ਬੇਗਾਨਗੀ ਹੰਢਾਉਣਾ , ਤੀਜੇ ਪਾਸੇ ਨਸਲਵਾਦ ਦੇ ਪਰਛਾਵਿਆਂ ਹੇਠ ਜੀਣਾ ਬੜਾ ਦੁਖਦਾਈ ਹੈ। ਜਦੋਂ ਪਰਵਾਸੀ ਅਨੁਭਵ ਲੰਮੇਰਾ ਹੋ ਜਾਵੇ ਤਾਂ ਆਪਣੇ

ਪਿੱਛੇ ਦੀ ਖਿੱਚ ਤਾਂ ਮਨ ਨੂੰ ਲੂੰਹਦੀ ਹੀ ਹੈ ਪਰ ਇਸ ਦੇ ਨਾਲ ਨਾਲ ਸਭ ਕੁਝ ਹੋ ਕੇ ਵੀ ਨਾ ਹੋਣ ਦੀ ਭਾਵਨਾ ਸਿਰ ਚੁੱਕਦੀ ਹੈ। ਇਸ ਨੂੰ ਸ਼ਿਵ ਕੁਮਾਰ ਬਟਾਲਵੀ ਦੇ ਨਿਮਨਲਿਖਤ ਸ਼ੇਅਰ ਰਾਹੀਂ ਸਮਝਿਆ ਜਾ ਸਕਦਾ ਹੈ :

ਅਸਾਂ ਖੇਡੀ ਖੇਡ ਪਿਆਰ ਦੀ, ਵੇਖਣ ਆਇਆ ਕੁੱਲ ਜਹਾਨ ਵੇ,
ਸਾਨੂੰ ਮੀਰੀ ਹੁੰਦਿਆਂ ਸੁੰਦਿਆਂ, ਸਭ ਫਾਡੀ ਆਖ ਬੁਲਾਉਣ ਵੇ।

ਸ਼ਿਵ ਨੇ ਇਹ ਗੱਲ ਪਿਆਰ ਦੇ ਪ੍ਰਸੰਗ ਵਿਚ ਕਹੀ ਹੈ ਪਰ 'ਦੇਸ ਹੋਇਆ ਪਰਦੇਸ' ਦੇ ਪਾਠ ਉਪਰੰਤ ਸ਼ਿਵ ਵਾਲੀ ਇਹ ਭਾਵਨਾ ਇਨ੍ਹਾਂ ਪਰਵਾਸੀ ਕਵੀਆਂ ਦੁਆਰਾ ਆਪਣੀ ਮਿੱਟੀ ਨਾਲ ਮੋਹ ਦੇ ਪ੍ਰਸੰਗ ਵਿਚ ਵਧੇਰੇ ਢੁਕਦੀ ਹੈ। ਆਪਣੀ 'ਜੂਨ' ਸੁਧਾਰਨ ਭਾਵ ਆਰਥਿਕ ਤੌਰ ਤੇ ਪੱਕੇ ਪੈਰੀਂ ਹੋਣ ਲਈ ਬੰਦਾ ਆਪਣੇ ਸੋਹਣੇ ਪੰਜਾਬ ਤੋਂ ਪਰਦੇਸ ਵੱਲ ਜਾਂਦਾ ਹੈ। ਇਹ ਜਾਣਾ ਇਕ ਮਜਬੂਰੀ ਹੁੰਦੀ ਹੈ ਪਰੰਤੂ ਹੌਲੀ ਹੌਲੀ ਇਹ ਮਜਬੂਰੀ ਚਾਅ ਵਿਚ ਵਟ ਜਾਂਦੀ ਹੈ ਕਿਉਂਕਿ ਪਰਦੇਸ ਵਿਚ ਮਿਹਨਤ ਦਾ ਮੁੱਲ ਹੈ ਅਤੇ ਉੱਥੇ ਰਹਿ ਕੇ ਆਪਣੇ ਦੇਸ ਲਈ ਕੁਝ ਕਰ ਸਕਣ ਦੀ ਭਾਵਨਾ ਹੈ। ਫੇਰ ਜਦੋਂ ਬੰਦਾ ਆਰਥਿਕ ਤੌਰ ਤੇ ਖੁਸ਼ਹਾਲ ਹੋ ਜਾਂਦਾ ਹੈ ਤਾਂ ਪਰਦੇਸ ਵਿਚਲੀ ਖੁਸ਼ਹਾਲੀ ਤੁਹਾਨੂੰ ਉਵੇਂ ਖੁਸ਼ੀ ਨਹੀਂ ਦਿੰਦੀ ਜਿਵੇਂ ਦੇਸ ਵਿਚਲੀ ਦਿੰਦੀ ਹੈ। ਇਸੇ ਲਈ 'ਮੀਰੀ ਹੁੰਦਿਆਂ ਸੁੰਦਿਆਂ, ਸਭ ਫਾਡੀ ਆਖ ਬੁਲਾਉਣ ਵੇ' ਦੀ ਤਰਜ਼ ਤੇ ਬੰਦਾ ਸਭ ਕੁਝ ਜਿੱਤ ਕੇ ਵੀ ਹਾਰਿਆ ਮਹਿਸੂਸ ਕਰਦਾ ਹੈ ਭਾਵ ਮੀਰੀ ਹੋ ਕੇ ਵੀ ਫਾਡੀ ਮਹਿਸੂਸ ਕਰਦਾ ਹੈ। ਇਸ ਦਾ ਪ੍ਰਮਾਣ ਬੜੀ ਸ਼ਿੱਦਤ ਨਾਲ ਵਿਸ਼ਾਲ ਦੀ ਕਵਿਤਾ 'ਜਦ ਮੈਂ ਪਰਤਾਂਗਾ' ਤੋਂ ਮਿਲਦਾ ਹੈ :

ਮਾਂ ! ਜਦ ਮੈਂ ਪਰਤਾਂਗਾ
ਓਨਾ ਨਹੀਂ ਹੋਵਾਂਗਾ
ਜਿੰਨਾ ਤੂੰ ਭੇਜਿਆ ਹੋਵੇਗਾ
ਕਿਤੋਂ ਥੋੜ੍ਹਾ...ਕਿਤੋਂ ਬਹੁਤਾ
ਉਮਰ ਜਿੰਨੀ ਥਕਾਵਟ...ਯੁੱਗਾਂ ਯੁੱਗਾਂ ਦੀ ਉਦਾਸੀ
ਬੰਦੇ ਨੂੰ ਮੁਕਾ ਦੇਣ ਵਾਲੇ ਰਾਹਾਂ ਦੀ ਧੂੜ
ਵਾਲਾਂ 'ਚ ਆਈ ਸਫ਼ੈਦੀ
ਹੋਰ ਕੀ ਵਾਪਸ ਲੈ ਕੇ ਆਵਾਂਗਾ...

ਗੱਲ਼ ਇੱਥੇ ਹੀ ਨਹੀਂ ਮੁੱਕਦੀ ਸਗੋਂ ਇਹ ਫਾਡੀ ਹੋਣਾ ਉਸ ਨੂੰ ਏਨਾ ਤੰਗ ਪਰੇਸ਼ਾਨ ਕਰਦਾ ਹੈ ਕਿ ਭਰਮ 'ਸਿਕੰਦਰ ਹੋਣ ਦਾ' ਹੈ ਪਰ ਦਰਦ 'ਮਰੇ ਹੋਏ ਸੁਪਨੇ' ਦਾ ਹੈ। ਉਦਾਹਰਣ ਲਈ ਇਸੇ ਕਵਿਤਾ ਦੀਆਂ ਆਖਰੀ ਸਤਰਾਂ ਵੇਖੀਆਂ ਜਾ ਸਕਦੀਆਂ ਹਨ :

ਪਰ ਮਾਂ ਜਦ ਮੈਂ ਪਰਤਾਂਗਾ
ਜ਼ਿਆਦਾ ਤੋਂ ਜ਼ਿਆਦਾ ਕੀ ਲੈ ਆਵਾਂਗਾ
ਮੇਰੀਆਂ ਅੱਖਾਂ 'ਚ ਹੋਣਗੇ ਮਰੇ ਹੋਏ ਸੁਪਨੇ

ਮੇਰੇ ਨਾਲ ਮੇਰੀ ਹਾਰ ਹੋਏਗੀ
ਤੇ ਉਹ ਥੋੜ੍ਹਾ ਜਿਹਾ ਹੌਸਲਾ ਵੀ
ਜਦ ਆਪਣਾ ਸਭ ਕੁਝ ਗੁਆ ਕੇ ਵੀ
ਬੰਦਾ ਸਿਕੰਦਰ ਹੋਣ ਦੇ ਭਰਮ 'ਚ ਰਹਿੰਦਾ ਹੈ
ਤੇ ਫਿਰ ਤੇਰੇ ਲਈ ਨਿੱਕੇ ਨਿੱਕੇ ਖ਼ਤਰੇ ਪੈਦਾ ਕਰਾਂਗਾ
ਨਿੱਕੇ ਨਿੱਕੇ ਡਰ ਪੈਦਾ ਕਰਾਂਗਾ
ਹੋਰ ਮੈਂ ਕੀ ਲੈ ਕੇ ਆਵਾਂਗਾ

ਇਸ ਪ੍ਰਕਾਰ 'ਦੇਸ ਹੋਇਆ ਪਰਦੇਸ' ਦੇ ਵਿਸ਼ਾ-ਵਸਤੂ ਦਾ ਅਧਿਐਨ ਕਰਦਿਆਂ 'ਪਰਵਾਸ' ਨੂੰ ਇਕ ਵਡੇਰੇ ਪ੍ਰਸੰਗ ਵਿਚ ਵਿਸ਼ੇ ਵਜੋਂ ਲੈ ਕੇ ਉਸ ਦੀਆਂ ਵਖ ਵਖ ਪਰਤਾਂ ਨੂੰ ਸਮਝਣ ਹਿਤ ਇਸ ਸੰਗ੍ਰਹਿ ਦੀਆਂ ਕਵਿਤਾਵਾਂ ਤੇ ਦ੍ਰਿਸ਼ਟੀਪਾਤ ਹੋਇਆ ਹੈ। ਇਹ ਗੱਲ ਵੱਖਰੀ ਹੈ ਕਿ ਹਰ ਕਵੀ ਦਾ ਮੁੱਖ ਵਿਸ਼ਾ-ਕੇਂਦਰ ਪਰਵਾਸ ਹੈ ਪਰੰਤੂ ਇਹ ਵੀ ਇਕ ਸੱਚ ਹੈ ਕਿ ਕਵੀ ਧਰਤੀ ਦੇ ਕਿਸੇ ਵੀ ਹਿੱਸੇ ਤੇ ਰਹਿੰਦਾ ਹੋਵੇ, ਉਸ ਨੂੰ ਬਾਕੀ ਸਾਰੇ ਮਸਲੇ ਵੀ ਪੋਂਹਦੇ ਹਨ। ਉਹ ਆਪਣੇ ਆਪ ਬਾਰੇ ਵੀ ਸੋਚਦਾ ਹੈ, ਦੇਸ਼ ਬਾਰੇ ਵੀ ਸੋਚਦਾ ਹੈ, ਆਲੇ ਦੁਆਲੇ ਬਾਰੇ ਵੀ ਸੋਚਦਾ ਹੈ, ਸੁਪਨਿਆਂ ਬਾਰੇ ਵੀ ਸੋਚਦਾ ਹੈ, ਅਮਨ ਬਾਰੇ ਵੀ ਸੋਚਦਾ ਹੈ, ਜੰਗ ਬਾਰੇ ਵੀ ਸੋਚਦਾ ਹੈ ਅਤੇ ਫੇਰ ਆਪਣੇ ਤਰਲ ਸੁਭਾਅ ਦੀ ਬਦੌਲਤ ਇਸ ਪ੍ਰਕਿਰਿਆ ਦਾ ਆਪਣੀ ਕਵਿਤਾ ਵਿਚ ਪ੍ਰਦਰਸ਼ਨ ਵੀ ਕਰਦਾ ਹੈ। ਇਸ ਲਈ ਉਹ ਸਾਰੇ ਵਿਸ਼ੇ ਹੀ ਧਿਆਨ ਵਿਚ ਲਿਆਉਣੇ ਜ਼ਰੂਰੀ ਹਨ ਜੋ ਇਸ ਸੰਗ੍ਰਹਿ ਦੀਆਂ ਕਵਿਤਾਵਾਂ ਵਿਚ ਸਮਾਹਿਤ ਹਨ। ਇਹਨਾਂ ਵਿਚੋਂ ਇਕ ਵਿਸ਼ਾ 'ਸਵੈ-ਪਛਾਣ' ਦਾ ਵੀ ਹੈ। ਬੰਦਾ ਧਰਤੀ ਦੇ ਕਿਸੇ ਵੀ ਹਿੱਸੇ ਉੱਤੇ ਰਹੇ, ਉਸ ਲਈ ਸਵੈ-ਚਿੰਤਨ ਜ਼ਰੂਰੀ ਹੁੰਦਾ ਹੈ। ਇਹ ਮਨੁੱਖ ਦੀ ਮਨੁੱਖ ਹੋਣ ਦੀ ਪ੍ਰਕਿਰਿਆ ਹੈ। ਇਸ ਲਈ ਉਹ ਸਵੈ-ਸੰਵਾਦ ਵੀ ਕਰਦਾ ਹੈ ਅਤੇ ਉਸ ਦੀ ਕਵਿਤਾ ਵਿਚੋਂ ਸਵੈਜੀਵਨੀ ਮੂਲਕ ਵੇਰਵੇ ਵੀ ਉਭਰਦੇ ਹਨ। ਇਸ ਨੂੰ ਇੰਜ ਵੀ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਕਵਿਤਾਵਾਂ ਵਿਚ ਅਸਤਿਤਵਾਦੀ ਰੰਗ ਵੀ ਦੇਖਣ ਨੂੰ ਮਿਲਦਾ ਹੈ। ਜਿਵੇਂ ਸਵੈ ਨਾਲ ਸੰਵਾਦ ਦਾ ਪ੍ਰਮਾਣ ਮਹਿੰਦਰ ਗਿੱਲ ਦੀ ਕਵਿਤਾ ਵਿਚੋਂ ਮਿਲਦਾ ਹੈ :

ਹੁਣ ਸੂਰਜ ਪੱਛੋਂ ਦੀ ਖੰਡੇ
ਰੋਂਦਾ ਰੋਂਦਾ ਢਲ ਚਲਿਆ ਹੈ
ਚਾਰ ਚੁਫ਼ੇਰਾ ਜਲ ਚਲਿਆ ਹੈ
ਮੈਂ ਸੋਚਾਂ ਹੈ ਬੀਤ ਚਲਿਆ ਦਿਨ
ਤੇ ਕਾਲਖ ਛਾ ਜਾਵੇਗੀ
ਅੱਜ ਰਾਤ ਕਿਹੋ ਜਿਹੀ ਆਵੇਗੀ

ਇਸੇ ਕੜੀ ਵਿਚ ਇਹੀ 'ਸਵੈ ਦੀ ਤਲਾਸ਼' ਸਤੀ ਕੁਮਾਰ ਦੀ ਕਵਿਤਾ ਵਿਚ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ ਜਿਹੜੀ ਮਨੁੱਖ ਨੂੰ ਉਸ ਦੀ ਹੋਂਦ ਦੇ ਰੂਬਰੂ ਕਰਦੀ ਹੈ। ਲੇਕਿਨ ਇਹ ਹੋਂਦ ਛਿੰਨਭੰਗਰੀ ਹੈ :

ਜੇ ਮੈਂ ਡਿੱਗਿਆ
ਤਾਂ ਮੇਰੀ ਹੋਂਦ ਦੇ ਵਿਸਫ਼ੋਟ ਦਾ
ਧਰਤੀ ਉੱਤੇ
ਕੋਈ ਚਟਾਖ਼ ਨਹੀਂ ਹੋਵੇਗਾ
ਮਿੱਟੀ ਦਾ ਇਕ ਕਣ ਵੀ
ਝੁਲਸ ਕੇ
ਧੁਆਂਖਿਆ ਨਹੀਂ ਬਣੇਗਾ

ਇਸ ਸੰਦਰਭ ਵਿਚ 'ਦੇਸ ਹੋਇਆ ਪਰਦੇਸ' ਦੀ ਕਵਿਤਾ ਵਿਚ ਸਵੈ-ਜੀਵਨੀਮੂਲਕ ਰੰਗ ਵੀ ਦ੍ਰਿਸ਼ਟੀਗੋਚਰ ਹੋਇਆ ਹੈ ਜਿਸ ਦਾ ਪ੍ਰਮਾਣ ਰਵਿੰਦਰ ਰਵੀ ਦੀ ਕਵਿਤਾ 'ਪੰਛੀ, ਮੱਖੀਆਂ ਤੇ ਮੈਂ : 2006 ਦੀ ਹਿੰਦ-ਪਾਕਿ ਫੇਰੀ ਤੋਂ ਬਾਅਦ' ਤੋਂ ਮਿਲਦਾ ਹੈ। ਇਸੇ ਪ੍ਰਕਾਰ ਦੇਸ ਹੋਇਆ ਪਰਦੇਸ ਦੀ ਕਵਿਤਾ ਵਿਚ ਇਤਿਹਾਸਕ ਤੇ ਮਿਥਿਹਾਸਕ ਹਵਾਲਿਆਂ ਦੀ ਝਲਕ ਵੀ ਮਿਲਦੀ ਹੈ ਜਿਸ ਦਾ ਪ੍ਰਮਾਣ ਵੱਖ ਵੱਖ ਕਵੀਆਂ ਵਲੋਂ ਇਤਿਹਾਸ ਤੇ ਮਿਥਿਹਾਸ ਵਿਚੋਂ ਵਰਤੇ ਗਏ ਪਾਤਰ ਹਨ ਜਿਨ੍ਹਾਂ ਵਿਚ ਸਿਧਾਰਥ, ਅਹੱਲਿਆ, ਸੀਤਾ ਤੇ ਦਰੋਪਤੀ ਸ਼ਾਮਿਲ ਹਨ। ਇਸੇ ਪ੍ਰਸੰਗ ਵਿਚ 'ਇਤਿਹਾਸ ਮਿਥਿਹਾਸ' ਤੋਂ ਤੁਰ ਕੇ 'ਵਿਰਾਸਤ' ਵੱਲ ਆਉਂਦਿਆਂ 'ਵਿਰਸੇ ਦੀ ਮਹਿਕ ਦਾ ਰੰਗ' ਵੀ ਇਨ੍ਹਾਂ ਕਵਿਤਾ ਦਾ ਵਿਸ਼ਾ ਬਣਦਾ ਹੈ ਜਿਸ ਦਾ ਪ੍ਰਮਾਣ ਸੁਖਪਾਲ ਦੀ ਕਵਿਤਾ 'ਦਸਤਾਰ' ਹੈ ਜਿਸ ਵਿਚ ਨਾਇਕ ਨੂੰ ਪਿਤਾ ਵਲੋਂ ਮਿਲਿਆ 'ਦਸਤਾਰ ਦੇ ਸਨਮਾਨ' ਦਾ ਵਿਰਸਾ ਸ਼ਾਮਿਲ ਹੈ :

ਪਿਤਾ ਨੇ ਇਕੋ ਬਚਨ ਮੰਗਿਆ-
'ਸਿਰ 'ਤੇ ਸਦਾ ਦਸਤਾਰ ਰੱਖੀਂ"
ਮੈਂ ਦਸਤਾਰ ਬੰਨ੍ਹ ਕੇ
ਗਲੀ ਕੂਚੇ ਪਿੰਡ ਸ਼ਹਿਰ
ਦੇਸ਼ ਬਦੇਸ਼ ਘੁੰਮਦਾ ਹਾਂ

ਇਸ ਵਿਰਾਸਤ ਨੂੰ ਉਹ ਸੰਭਾਲਦਾ ਤਾਂ ਹੈ ਪਰ ਪੱਛਮ ਵਿਚ ਰਹਿੰਦਿਆਂ ਆਪਣੇ ਕੰਮ ਕਾਰ ਦੇ ਪ੍ਰਸੰਗ ਵਿਚ ਇਹ ਸੰਭਾਲ ਉਸ ਰੂਹਾਨੀ ਮੁਕਾਮ ਤਕ ਨਹੀਂ ਪੁੱਜ ਸਕਦੀ ਜਿਥੇ ਉਸ ਦੇ ਪਿਤਾ ਦੀ ਦਸਤਾਰ ਪੁੱਜੀ ਹੈ :

ਸ਼ਾਮੀਂ ਕੰਮ ਤੋਂ ਪਰਤ ਕੇ
ਮੈਂ ਥੱਕੇ ਟੁੱਟੇ ਸਿਰ ਤੋਂ
ਦਸਤਾਰ ਦਾ ਬੋਝ ਲਾਹੁੰਦਾ ਹਾਂ
ਪਿਤਾ ਸਿਰ ਤੋਂ ਦਸਤਾਰ ਦੀ
ਇਕ ਇਕ ਤਹਿ ਲਾਹੁੰਦੇ ਹਨ

ਮੱਥੇ ਨਾਲ ਛੁਹਾਉਂਦੇ ਹਨ
ਫਿਰ ਸੁਖਾਸਨ ਕਰਦੇ ਹਨ
ਹਰ ਸਵੇਰ ਦਸਤਾਰ
ਇਉਂ ਸਜਾਉਂਦੇ ਹਨ
ਜਿਵੇਂ ਇਹ
ਉਨ੍ਹਾਂ ਦਾ ਸੀਸ ਹੋਵੇ।

ਇਸ ਤੋਂ ਇਲਾਵਾ 'ਦੇਸ ਹੋਇਆ ਪਰਦੇਸ' ਦੀ ਕਵਿਤਾ ਵਿਚ ਵਿਭਿੰਨ ਵਿਸ਼ਿਆਂ ਦੇ ਪ੍ਰਸੰਗ ਵਿਚ ਆਪਣੇ ਵਤਨ ਪ੍ਰਤੀ ਮੋਹ ਦੇ ਪ੍ਰਮਾਣ ਵੀ ਮਿਲਦੇ ਹਨ ਜਿਸ ਵਿਚ ਆਪਣੇ ਵਤਨ ਦੀ ਰਾਖੀ ਦੇ ਬਹਾਨੇ 'ਜੰਗ' ਆਪਣੇ ਆਪ ਹੀ ਸਿਆਸਤਦਾਨਾਂ ਦਾ ਹਥਿਆਰ ਬਣ ਜਾਂਦੀ ਹੈ :

ਰਾਖੀ ਕਰਾਂਗੇ ਅਮਨ ਦੀ ਐਟਮ ਬਣਾ ਕੇ ਦੋਸਤੋ,
ਕੁਝ ਇਸ ਤਰ੍ਹਾਂ ਹੀ ਕਹਿ ਰਿਹਾ ਅੱਜ ਦਾ ਸਿਆਸਤਦਾਨ ਏ।
ਉੱਚੀ ਅਟਾਰੀ ਵਾਲਿਓ ਨੀਂਦਾਂ ਨੇ ਕਿਥੇ ਗੁੰਮੀਆਂ,
ਚੈਨ ਕਿਉਂ ਆਉਂਦਾ ਨਹੀਂ ਘਰ ਵਿਚ ਬੜਾ ਸਾਮਾਨ ਏ।

ਇਸ ਬਰੂਦੀ ਡਰ ਦੀ ਸ਼ਿੱਦਤ ਨੂੰ ਸਵਰਨ ਸਿੰਘ ਪਰਵਾਨਾ ਵੀ ਮਹਿਸੂਸ ਕਰਦਾ ਹੈ ਅਤੇ ਦੇਸ਼ ਪਿਆਰ ਨੂੰ ਜੰਗ ਦੀ ਤੱਕੜੀ ਵਿਚ ਤੋਲਣ ਦੀ ਥਾਂ ਜੰਗ ਦੀ ਦਹਿਸ਼ਤ ਦੀ ਗੱਲ ਕਰਦਾ ਹੈ :

ਸਹਿਮੀ ਸਹਿਮੀ ਵੇਖੀ ਅੱਜ ਮਨੁੱਖਤਾ,
ਹਰ ਪਾਸੇ ਬਾਰੂਦੀ ਸ਼ੋਰ ਹੈ ਵੇਖਿਆ।
ਜ਼ਿੰਦਗਾਨੀ ਦੇ ਵਾਰਸ ਮੌਤਾਂ ਵੰਡਦੇ,
ਬੰਦਾ ਬਣਦਾ ਜਾਂਦਾ ਢੋਰ ਹੈ ਵੇਖਿਆ।

ਦੂਜੇ ਪਾਸੇ ਇਸੇ ਪ੍ਰਸੰਗ ਨੂੰ ਦਾਰਸ਼ਨਿਕ ਢੰਗ ਪ੍ਰਗਟਾਉਂਦੀ ਪਰਮਿੰਦਰ ਸੋਢੀ ਦੀ ਕਵਿਤਾ 'ਜੰਗ ਅਤੇ ਅਮਨ' ਵੀ ਵਿਚਾਰੀ ਜਾ ਸਕਦੀ ਹੈ। ਇਸੇ ਕੜੀ ਵਿਚ 'ਦੇਸ ਹੋਇਆ ਪਰਦੇਸ' ਦੀ ਕਵਿਤਾ ਦੇ ਵਿਕੋਲਿਤਰੇ ਵਿਸ਼ਿਆ ਵਿਚ ਰਾਜਸੀ ਸਰੋਕਾਰ ਵੀ ਸ਼ਾਮਿਲ ਹਨ ਜਿਸਦੇ ਪ੍ਰਮਾਣ ਇਕ ਤੋਂ ਵਧੇਰੇ ਕਵੀਆਂ ਵਿਚ ਮਿਲਦੇ ਹਨ। ਉਦਾਹਰਣ ਵਜੋਂ ਅਜਾਇਬ ਕਮਲ ਦੀ ਕਵਿਤਾ 'ਕੇਵਲ ਦੂਸਰਿਆਂ ਲਈ' ਵਾਚੀ ਜਾ ਸਕਦੀ ਹੈ ਜਿਸ ਵਿਚ ਕਵੀ ਰਾਜਨੀਤੀ ਦੇ ਨਾਂ ਤੇ ਧਰਮ, ਬਰਾਬਰਤਾ ਅਤੇ ਨੈਤਿਕਤਾ ਦੇ ਪ੍ਰਸੰਗਾਂ ਨੂੰ ਛੂੰਹਦਾ ਹੈ :

ਰਾਜਨੀਤੀ...
ਸੇਵਾ 'ਚ ਨਹੀਂ
ਛਾਤੀ ਤੇ ਪਾਰਟੀ ਦੇ ਬਿੱਲੇ ਲਗਾਉਣ 'ਚ ਹੁੰਦੀ ਹੈ

ਧਰਮ
ਮਾਨਣ ਲਈ ਨਹੀਂ
ਭਾਸ਼ਣ ਲਈ ਹੁੰਦਾ ਹੈ
ਸਮਾਜਵਾਦ...
ਬਰਾਬਰੀ ਦੇ ਨਾਅਰੇ ਲਗਾਉਣ ਦਾ ਨਾਂ ਹੈ
ਅਤੇ ਨੈਤਕਤਾ ਦਾ ਪਾਲਣ ਆਪਣੀ ਜ਼ਾਤ ਤੋਂ ਬਗ਼ੈਰ
ਬਾਕੀ ਸਭ ਲੋਕਾਂ ਦੇ ਪਾਲਣ ਲਈ ਆਵੱਸ਼ਕ

ਲੇਕਿਨ ਇਸ ਸਾਰੀ ਸਥਿਤੀ ਵਿਚ ਇਕ ਪੱਖ ਸਭ ਤੋਂ ਮਹੱਤਵਪੂਰਨ ਹੈ ਕਿ ਹਰ ਤਰ੍ਹਾਂ ਦੀ ਰਾਜਨੀਤੀ ਦੇ ਬਾਵਜੂਦ 'ਇਨਸਾਨੀਅਤ ਦੇ ਝੰਡੇ' ਨੂੰ ਬੁਲੰਦ ਰੱਖਣਾ ਇਸ ਸੰਗ੍ਰਹਿ ਦੇ ਕਵੀਆਂ ਦਾ ਹਾਸਲ ਹੈ ਜਿਸਦੇ ਪਰੋਖ ਰੂਪ ਵਿਚ ਪ੍ਰਮਾਣ ਇਕ ਤੋਂ ਵਧੇਰੇ ਕਵਿਤਾਵਾਂ ਵਿਚ ਮਿਲਦੇ ਹਨ ਪਰ ਅਪਰੋਖ ਰੂਪ ਵਿਚ ਸਵਰਨ ਸਿੰਘ ਪਰਵਾਨਾ ਦੀ ਕਵਿਤਾ ਇੰਜ ਬੋਲਦੀ ਹੈ :

ਜਿਸਮ ਦੇ ਰੰਗ ਵੱਖ ਨੇ, ਪਰ ਜਾਨ ਵਿਚੋਂ ਇਕ ਏ।
ਗਾਡ, ਅੱਲਾ, ਵਾਹਿਗੁਰੂ, ਭਗਵਾਨ ਵਿਚੋਂ ਇਕ ਏ।
ਹਰ ਜਗਾਹ ਇਨਸਾਨ ਦੀ, ਗੱਲਬਾਤ 'ਚੋਂ ਮੈਂ ਸਮਝਿਆ,
ਬੋਲੀ ਪੁਸ਼ਾਕਾਂ ਵਖਰੇ, ਇਨਸਾਨ ਵਿਚੋਂ ਇਕ ਏ।

ਇਸੇ ਕੜੀ ਵਿਚ 'ਦੇਸ ਹੋਇਆ ਪਰਦੇਸ' ਦੀ ਕਵਿਤਾ ਵਿਚ ਵਿਭਿੰਨ ਵਿਸ਼ਿਆਂ ਦੀ ਪੇਸ਼ਕਾਰੀ ਦੇ ਪ੍ਰਸੰਗ ਵਿਚ 'ਨਾਰੀ ਸਰੋਕਾਰ' ਵੀ ਅਹਿਮ ਸਥਾਨ ਰੱਖਦੇ ਹਨ। ਅਸਲ ਵਿਚ 'ਨਾਰੀ ਸਰੋਕਾਰ' ਅਜੋਕੀ ਪੰਜਾਬੀ ਕਵਿਤਾ ਦਾ ਅਹਿਮ ਵਿਸ਼ਾ ਹੈ ਅਤੇ 'ਪਰਵਾਸੀ ਪੰਜਾਬੀ ਕਵਿਤਾ' ਵੀ ਇਸ ਤੋਂ ਅਛੂਤੀ ਨਹੀਂ। ਇਸ ਦਾ ਪ੍ਰਮਾਣ ਇਸ ਸੰਗ੍ਰਹਿ ਵਿਚਲੀਆਂ ਨਾਰੀ ਕਵਿੱਤਰੀਆਂ ਕ੍ਰਮਵਾਰ ਅਮਰ ਜਿਉਤੀ (ਨੀਦਰਲੈਂਡ), ਸਸ਼ੀ ਸਮੁੰਦਰਾ (ਅਮਰੀਕਾ), ਤੇ ਸੁਰਜੀਤ ਕਲਸੀ (ਕੈਨੇਡਾ) ਅਤੇ ਦਲਵੀਰ ਕੌਰ (ਬਰਤਾਨੀਆ) ਦੀਆਂ ਕਵਿਤਾਵਾਂ ਹਨ। ਉਦਾਹਰਣ ਵਜੋਂ ਸਸ਼ੀ ਸਮੁੰਦਰਾ ਦੀ ਕਵਿਤਾ ਦੀਆਂ ਸਤਰਾਂ ਦੇਖੀਆਂ ਜਾ ਸਕਦੀਆਂ ਹਨ :

ਹਾਲਾਤ ਦੇ ਹੱਥ ਮੈਂ ਸ਼ਾਇਦ ਇਕ ਖਿਡੌਣਾ ਸਾਂ
ਜਿਸ ਨਾਲ ਉਹਨੇ ਖੇਡ ਲਿਆ
ਮੈਂ ਦਾ ਅਰਥ ਕੀ ਸੀ ?
ਉਨ੍ਹਾਂ ਖ਼ਤਾਂ ਦਾ ਅਰਥ ਕੀ ਸੀ ?
ਉਹ ਸਭ ਰੇਤ ਸੀ—
ਮੈਂ ਤੇ ਅੱਖਰ

ਤੇ ਜੇ ਅਰਥ ਸਨ ਜਾਂ ਹਨ ਤਾਂ ਇਹ
ਕਿ ਇਨਸਾਨ ਆਪਣੀ ਹੋਣੀ ਭੁੱਲ ਕੇ
ਵਕਤ ਤੇ ਹਾਲਾਤ ਦੀ ਉਂਗਲ 'ਤੇ ਨੱਚਦਾ ਹੈ
ਤੇਰੇ ਪਿਆਰ ਵਿਚ ਮੈਂ ਭੁੱਲ ਗਈ ਸਾਂ ਇਹ ਸਭ
ਏਨਾ ਵੀ ਕੀ ਕਾਗਜ਼ ਨਹੀਂ ਇਹ ਰੇਤ ਸੀ

ਇਉਂ ਸਪਸ਼ਟ ਹੁੰਦਾ ਹੈ ਕਿ 'ਦੇਸ ਹੋਇਆ ਪਰਦੇਸ' ਦਾ ਕਾਵਿ-ਸੰਸਾਰ ਵਿਸ਼ਾ-ਵਸਤੂ ਦੇ ਪੱਖੋਂ ਵਿਭਿੰਨਤਾ ਦਾ ਧਾਰਨੀ ਹੈ ਜਿਸ ਨੂੰ ਇਸ ਪੁਸਤਕ ਦੇ ਸੰਪਾਦਕ ਨੇ ਇਕ ਪਾਸੇ 'ਭੂ-ਹੇਰਵੇ' ਦੇ ਪ੍ਰਸੰਗ ਵਿਚ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ : ਪਰਵਾਸ ਕਾਰਨ ਬਦੇਸ਼ੀ ਤੇ ਬੇਗ਼ਾਨੀ ਧਰਤੀ 'ਤੇ ਵਿਚਰਦੇ ਹੋਏ ਵੀ ਆਪਣੀ ਜਨਮ-ਭੋਂ ਦੀ ਖਿੱਚ ਤੇ ਸਭਿਆਚਾਰਕ ਗੁਰੂਤਾ ਨੇ ਹੀ ਪੰਜਾਬੀ ਪਰਵਾਸੀਆਂ ਨੂੰ ਨਿਰੰਤਰ ਸਾਹਿਤ ਰਚਨਾ ਨਾਲ ਕਈ ਪੱਧਰਾਂ 'ਤੇ ਜੋੜੀ ਰੱਖਿਆ ਹੈ। ਦੂਜੇ ਪਾਸੇ 'ਪਰਵਾਸੀ ਸਮੱਸਿਆਵਾਂ' ਦੇ ਪ੍ਰਸੰਗ ਵਿਚ ਪ੍ਰਸਤੁਤ ਕੀਤੀ ਹੈ : ਗਲੋਬ ਦੇ ਕਈ ਦੇਸ਼ਾਂ ਵਿਚ ਪਰਵਾਸੀ-ਸਮੱਸਿਆਵਾਂ ਨਾਲ ਦਸਤਪੰਜਾ ਲੈਂਦੇ ਹੋਏ, ਪਰਵਾਸੀ ਪੰਜਾਬੀ ਆਪਣੀ ਕਾਵਿ ਸਿਰਜਣਾ ਰਾਹੀਂ ਆਪਣੇ ਦੇਸ਼, ਸਭਿਆਚਾਰ ਤੇ ਭੂਤਕਾਲ ਦੇ ਸਿਮਰਨ ਨਾਲ, ਆਪਣੇ ਪ੍ਰੇਮ ਨੂੰ ਨਿਰੰਤਰ ਪਾਲ ਰਹੇ ਹਨ। ਇਸੇ ਕੜੀ ਵਿਚ ਤੀਜੇ ਪਾਸੇ ਸਭਿਆਚਾਰਕ ਹੇਰਵੇ ਦੇ ਪ੍ਰਸੰਗ ਨੂੰ ਵੀ ਉਭਾਰਿਆ ਹੈ : ਪਰਵਾਸੀ ਕਵਿਤਾ ਦੀ ਵਿਵਧਤਾ ਤੇ ਵਿਭਿੰਨਤਾ ਦਾ ਅੰਦਾਜ਼ਾ ਇਸ ਪਰਿਪੇਖ ਤੋਂ ਵੀ ਲੱਗ ਸਕਦਾ ਹੈ ਕਿ ਜੇ ਆਧੁਨਿਕ ਕਾਵਿ-ਮੁਹਾਵਰੇ ਵਿਚ ਆਧੁਨਿਕ ਸੰਵੇਦਨਾ ਨੂੰ ਦੇਵ, ਅਜਮੇਰ ਰੋਡੇ, ਚਰਨ ਸਿੰਘ, ਭੁਪਿੰਦਰ ਪੁਰੇਵਾਲ, ਰਵੀ ਆਦਿ ਪ੍ਰਸਤੁਤ ਕਰ ਰਹੇ ਤਾਂ ਲੋਕਧਾਰਾਈ ਉਦਰੇਵੇਂ ਤੇ ਸਭਿਆਚਾਰਕ ਹੇਰਵੇ ਨੂੰ ਕਾਵਿ-ਰੂਪਾਂਤ੍ਰਣ ਦਾ 'ਪਾਤਰ ਬਣਾਉਂਦੇ ਹੋਏ, ਪੰਜਾਬੀ ਖ਼ਮੀਰ ਦੇ ਅਨੁਕਰਨ ਵਿਚ ਇਕਬਾਲ ਰਾਮੂਵਾਲੀਆ, ਮਹਿੰਦਰ ਗਿੱਲ, ਸ਼ਸ਼ੀ ਸਮੁੰਦਰਾ, ਜਗਤਾਰ ਢਾਅ, ਦਲਵੀਰ ਕੌਰ, ਸੁਖਪਾਲ, ਵਿਸ਼ਾਲ, ਪਰਮਿੰਦਰ ਸੋਢੀ, ਜਸਬੀਰ ਧੀਮਾਨ, ਅਮਰ ਜਿਉਤੀ, ਬਲਦੇਵ ਬਾਵਾ, ਸਾਧੂ ਤੇ ਮੰਗਾ ਬਾਸੀ ਆਦਿ ਆਪਣੀ ਵਿਸ਼ੇਸ਼ ਸਿਰਜਾਣਤਮਕ ਭੂਮਿਕਾ ਨਿਭਾ ਰਹੇ ਹਨ। ਇਸੇ ਕੜੀ ਵਿਚ ਪ੍ਰਗਤੀਵਾਦੀ ਵਿਚਾਰਧਾਰਾ ਨਾਲ ਜੁੜੇ ਕਵੀਆਂ ਦੀ ਹਾਜ਼ਰੀ ਵੀ ਮਹੱਤਵਪੂਰਨ ਹੈ : ਪਰੰਪਰਕ ਪ੍ਰਗਤੀਵਾਦੀ ਵਿਚਾਰਧਾਰਾ ਨਾਲ ਅਟੁੱਟ ਰਿਸ਼ਤੇ ਵਿਚ ਬੱਝੇ ਹੋਏ ਪ੍ਰਤਿਬੱਧ ਕਵੀ ਦਰਸ਼ਨ ਗਿੱਲ, ਮੁਸ਼ਤਾਕ, ਨਰਿੰਜਨ ਸਿੰਘ ਨੂਰ, ਸੰਤੋਖ ਸਿੰਘ ਸੰਤੋਖ ਤੇ ਗੁਰਚਰਨ ਰਾਮਪੁਰੀ ਵੀ ਆਪਣੀ ਕਵਿਤਾ ਨੂੰ ਪ੍ਰਚਾਰ ਤੇ ਪ੍ਰਸਾਰ ਦੀ ਜੁਗਤ ਵਾਂਗ ਵਰਤਣ ਵੱਲ ਰੁਚਿਤ ਰਹਿੰਦੇ ਹਨ। ਇਸੇ ਤਰ੍ਹਾਂ ਧਾਰਮਿਕ ਚੇਤਨਾ ਵੀ ਇਸ ਸੰਗ੍ਰਹਿ ਦੇ ਵਿਸ਼ਾ-ਵਸਤੂ ਵਿਚ ਅਹਿਮ ਭੂਮਿਕਾ ਨਿਭਾਉਂਦੀ ਨਜ਼ਰ ਆਉਂਦੀ ਹੈ ਜਿਸ ਨੂੰ ਡਾ. ਬੇਦੀ ਨੇ ਇਸ ਪ੍ਰਕਾਰ ਸਵੀਕਾਰਿਆ ਹੈ : ਇਸਦੇ ਬਰਅਕਸ ਧਾਰਮਿਕ ਚੇਤਨਾ ਦੇ ਅੰਤਰਗਤ ਬਲਿਹਾਰ ਸਿੰਘ ਰੰਧਾਵਾ, ਮਠਾਰੂ, ਸੋਹਣ ਸਿੰਘ ਜੋਸ਼, ਰਣਜੀਤ ਸਿੰਘ ਰਾਣਾ, ਪਰਵਾਨਾ ਤੇ ਮਰਗਿੰਦਪੁਰੀ ਆਦਿ ਆਪਣੀ ਵਿਚਾਰਧਾਰਾ ਦੀ ਪੁਨਰ ਪੇਸ਼ਕਾਰੀ 'ਤੇ ਨਿਰੰਤਰ ਬਲ ਦੇ ਰਹੇ ਹਨ।

ਉਪਰੋਕਤ ਪ੍ਰਸੰਗ ਵਿਚ 'ਚੋਣਵੀਂ ਪਰਵਾਸੀ ਕਵਿਤਾ' ਦੇ ਰੂਪ ਵਿਚ ਡਾ. ਹਰਚੰਦ ਸਿੰਘ ਬੇਦੀ ਦੁਆਰਾ ਸੰਪਾਦਿਤ ਕਾਵਿ-ਸੰਗ੍ਰਹਿ 'ਦੇਸ ਹੋਇਆ ਪਰਦੇਸ' ਦੇ ਵਿਸ਼ਾ-ਵਸਤੂ ਦਾ ਅਧਿਐਨ ਕਰਦਿਆਂ ਇਹ ਨਿੱਤਰ ਕੇ ਸਾਹਮਣੇ

ਆਉਂਦਾ ਹੈ ਕਿ ਸੰਗ੍ਰਹਿ ਵਿਚ ਸ਼ਾਮਿਲ 12 ਦੇਸ਼ਾਂ ਦੇ 31 ਕਵੀ ਆਪਣੀਆਂ 76 ਕਾਵਿ-ਰਚਨਾਵਾਂ ਰਾਹੀਂ ਨਾ ਕੇਵਲ ਪਰਵਾਸੀ ਚੇਤਨਾ ਦੇ ਹਵਾਲੇ ਨਾਲ ਪਰਵਾਸ ਦੇ ਦੁੱਖ ਸੁੱਖ, ਖ਼ੁਸ਼ੀਆਂ ਗਮੀਆਂ ਅਤੇ ਪ੍ਰਾਪਤੀਆਂ ਅਪ੍ਰਾਪਤੀਆਂ ਦੀ ਨਕਾਬਕੁਸ਼ਾਈ ਕਰ ਰਹੇ ਹਨ ਬਲਕਿ ਜੀਵਨ ਦੇ ਵਿਭਿੰਨ ਸਰੋਕਾਰਾਂ ਨੂੰ ਵਿਸ਼ਾ-ਵਸਤੂ ਬਣਾ ਰਹੇ ਹਨ। ਇਸ ਪਾਠ ਰਾਹੀਂ ਇਨ੍ਹਾਂ ਸਾਰੇ ਪੱਖਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸੇ ਕੋਸ਼ਿਸ਼ ਦੀ ਨਿਰੰਤਰਤਾ ਵਿਚ ਪੁਸਤਕ ਦੇ ਸੰਪਾਦਕ ਡਾ. ਹਰਚੰਦ ਸਿੰਘ ਬੇਦੀ ਦਾ ਮੁੱਢ ਵਿਚ ਲਿਖਿਆ ਲੇਖ 'ਪਰਵਾਸੀ ਕਵਿਤਾ ਦਾ ਮਸਲਾ' ਵੀ ਵਾਚਣਯੋਗ ਹੈ। ਇਸ ਪਾਠ 'ਪਰਵਾਸੀ ਪੰਜਾਬੀ ਕਵਿਤਾ ਦਾ ਵਿਸ਼ਾ ਵਸਤੂ' ਰਾਹੀਂ ਇਸ ਸੰਗ੍ਰਹਿ ਦੇ ਕਾਵਿ-ਸੰਸਾਰ ਦੇ ਸਾਰੇ ਪਾਸਾਰ ਖੋਲ੍ਹੇ ਗਏ ਹਨ ਜਿਨ੍ਹਾਂ ਤੋਂ ਵਿਦਿਆਰਥੀ ਇਸ ਸੰਗ੍ਰਹਿ ਵਿਚਲੀਆਂ ਕਵਿਤਾਵਾਂ ਦੇ ਭਾਵ ਸੰਸਾਰ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹਨ।

Type Setting :
Department of Distane Education, Punjabi University, Patiala.